# 56

# ''ਪ੍ਰਭੂ ਜੀ ਸਾਨੂੰ ਦੁਆ ਕਰਨੀ ਸਿਖਾਲ''

## ਲੂਕਾ 11:1-13, ਇਕ ਨੇੜ ਝਾਤ

ਮੈਨੂੰ ਲੋਕਾਂ ਨੂੰ ਸਿਖਾਉਣ ਦੇ ਤਰੀਕੇ ਲਈ ਆਖਿਆ ਜਾਂਦਾ ਹੈ ਜਿਵੇਂ ਜਿਵੇਂ ਕਿ ਸਿਖਾਉਣ ਅਤੇ ਪ੍ਰਚਾਰ ਕਰਨ, ਵਿਜ਼ੁਅਲ ਏਡ ਤਿਆਰ ਕਰਨ, ਲਿਖਣ, ਇੱਥੋਂ ਤਕ ਕਿ ਸਮੱਗਰੀ ਨੂੰ ਵਰਤਣ ਲਈ ਤਿਆਰ ਕਰਨ, ਪਰ ਮੈਨੂੰ ਕਦੇ ਕਿਸੇ ਨੇ ਇਹ ਨਹੀਂ ਆਖਿਆ ਕਿ ''ਡੇਵਿਡ, ਮੈਨੂੰ ਦੁਆ ਕਰਨੀ ਸਿਖਾਲ।'' ਪਰ ਇਹ ਬੇਨਤੀ ਮਸੀਹ ਦੇ ਰਸੂਲਾਂ ਨੇ ਉਸ ਨੂੰ ਕੀਤੀ ਸੀ: ''ਤਾਂ ਐਉਂ ਹੋਇਆ ਕਿ ਉਹ ਕਿਸੇ ਥਾਂ ਦੁਆ ਕਰਦਾ ਸੀ ਅਤੇ ਜਾਂ ਕਰ ਕੇ ਹਟਿਆ ਤਾਂ ਉਹ ਦੇ ਚੇਲਿਆਂ ਵਿੱਚੋਂ ਇਕ[1] ਨੇ ਉਸ ਨੂੰ ਆਖਿਆ, ਪ੍ਰਭੂ ਜੀ ਸਾਨੂੰ ਦੁਆ ਕਰਨੀ ਸਿਖਾਲ, ਜਿਵੇਂ ਯੂਹੰਨਾ ਨੇ ਵੀ ਆਪਣੇ ਚੇਲਿਆਂ ਨੂੰ ਸਿਖਾਲੀ'' (ਲੂਕਾ 11:1)।

ਰਸੂਲਾਂ ਨੂੰ ਦੁਆ ਕਰਨ ਬਾਰੇ ਥੋੜਾ ਬਹੁਤ ਗਿਆਨ ਸੀ। ''ਉਨ੍ਹਾਂ ਨੂੰ ਉਹ ਦੁਆਵਾਂ ਆਉਂਦੀਆਂ ਸਨ, ਜੋ ਉਨ੍ਹਾਂ ਨੇ ਸਿਨਾਗੋਗ ਦੀ ਪੜ੍ਹਾਈ ਵਿਚ ਸਿੱਖੀਆਂ ਸਨ।''[2] ਉਹ ''ਰੱਬੀਆਂ ਰਾਹੀਂ ਬੋਲੀਆਂ ਜਾਣ ਵਾਲੀਆਂ ਦੁਆਵਾਂ, ਹੈਕਲ ਦੇ ਯਾਜਕਾਂ ਦੇ *[ਸ਼ਲੋਕ]* ਅਤੇ ਫਰੀਸੀਆਂ ਦੀਆਂ ਉੱਚੀਆਂ ਅਤੇ ਭਾਵਭਰੀਆਂ ਦੁਆਵਾਂ ਤੋਂ'' ਵਾਕਿਫ਼ ਸਨ।[3] ਫਿਰ ਵੀ ਯਿਸੂ ਦੀਆਂ ਦੁਆਵਾਂ ਅਤੇ ਦੁਆਈਆ ਜ਼ਿੰਦਗੀ ਉਨ੍ਹਾਂ ਨਾਲੋਂ ਫ਼ਰਕ ਸੀ। ਉਨ੍ਹਾਂ ਨੇ ਉਸ ਨੂੰ ''ਉਜਾੜ ਵਿਚ ਜਾਂਦੇ ਅਤੇ ਪ੍ਰਾਰਥਨਾ'' ਕਰਦੇ ਵੇਖਿਆ ਸੀ (ਲੂਕਾ 5:16)। ਉਨ੍ਹਾਂ ਨੇ ਉਸ ਨੂੰ ''ਪ੍ਰਾਰਥਨਾ ਕਰਨ ਲਈ ਨਿਰਾਲੇ ਵਿਚ ਤੇ'' ਜਾਣ (ਮੱਤੀ 14:23)। ਅਤੇ ''ਪ੍ਰਾਰਥਨਾ ਕਰਦਿਆਂ ਸਾਰੀ ਰਾਤ'' ਕੱਟਦੇ ਵੇਖਿਆ ਸੀ (ਲੂਕਾ 6:12)। ਕਈ ਵਾਰ ਸਵੇਰੇ ਉੱਠਣ ਤੇ, ਉਹ ਵੇਖਦੇ ਸਨ ਕਿ ਯਿਸੂ ਉਨ੍ਹਾਂ ਦੇ ਕੋਲ ਨਹੀਂ ਹੁੰਦਾ ਸੀ। ਉਨ੍ਹਾਂ ਨੂੰ ਉਹ ਦੁਆ ਵਿਚ ਸਿਰ ਝੁਕਾਏ ਹੋਏ ਮਿਲਦਾ ਸੀ (ਵੇਖੋ ਮਰਕੁਸ 1:35–37)। ਇਸ ਦੇ ਇਲਾਵਾ ਉਨ੍ਹਾਂ ਨੇ ਵੇਖਿਆ ਸੀ ਕਿ ਦੁਆ ਨੇ ਪ੍ਰਭੂ ਲਈ ਕੀ ਕੀਤਾ ਸੀ। ਉਨ੍ਹਾਂ ਨੇ ਉਸ ਨੂੰ ਆਪਣੇ ਪਿਤਾ ਨਾਲ ਗੱਲ ਕਰਨ ਦੇ ਬਾਅਦ ਗੋਡਿਆਂ ਤੋਂ ਉੱਠ ਕੇ ਨਵੀਂ ਸ਼ਕਤੀ ਤੇ ਬਲ ਪਾਉਂਦੇ ਵੇਖਿਆ ਸੀ। ਉਹ ਵੀ ਉਸ ਦੇ ਵਾਂਗੂ ਸ਼ਕਤੀ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਉਸ ਨੂੰ ਬੇਨਤੀ ਕੀਤੀ, ''ਪ੍ਰਭੂ ਜੀ'' ਸਾਨੂੰ ਦੁਆ ਕਰਨਾ ਸਿਖਾ।

ਯਿਸੂ ਦਾ ਜਵਾਬ ਇਸ ਬਾਈਬਲ ਪਾਠ ਦੀ 2 ਤੋਂ 13 ਆਇਤਾਂ ਵਿਚ ਮਿਲਦਾ ਹੈ। ਉਸ ਨੇ ਆਪਣੇ ਰਸੂਲਾਂ ਨੂੰ ਦੁਆ ਦੀ ਹਰ ਗੱਲ ਨਹੀਂ ਦੱਸੀ; ਪਰ ਉਨ੍ਹਾਂ ਨੂੰ ਦੁਆ ਦੇ ਆਪਣੀ ਜ਼ਿੰਦਗੀ ਵਿਚ ਸੁਧਾਰ ਦੀ ਇੱਛਾ ਕਰਨ ਵਾਲੇ ਹਰ ਆਦਮੀ ਲਈ ਜ਼ਰੂਰੀ ਮੂਲ ਸਚਿਆਈਆਂ ਜ਼ਰੂਰ ਦੱਸੀਆਂ।

### ਦੁਆ ਵਿਚ ਲੱਗੇ ਰਹਿਣਾ (ਆਇਤਾਂ 2-4)

ਉਸਨੇ ਪਹਿਲਾਂ ਤੋਂ ਉਹੀ ਦੁਹਰਾਇਆ, ਜਿਸ ਨੂੰ ਅਸੀਂ ਆਮ ਤੌਰ ਤੇ ''ਪ੍ਰਭੂ ਦੀ ਦੁਆ'' ਆਖਦੇ ਹਾਂ:

ਫਿਰ ਉਸ ਨੇ ਉਨ੍ਹਾਂ ਨੂੰ ਕਿਹਾ, ਜਾਂ ਤੁਸੀਂ ਪ੍ਰਾਰਥਨਾ ਕਰੋ ਤਾਂ ਕਹੋ। ਹੇ ਪਿਤਾ, ਤੇਰਾ ਨਾਮ ਪਵਿੱਤਰ ਮੰਨਿਆ ਜਾਵੇ, ਤੇਰਾ ਰਾਜ ਆਵੇ। ਸਾਡੀ ਰੋਜ਼ ਦੀ ਰੋਟੀ ਰੋਜ਼ ਸਾਨੂੰ ਦਿਹ ਅਤੇ ਸਾਡੇ ਪਾਪ ਸਾਨੂੰ ਮਾਫ਼ ਕਰ। ਕਿਉਂ ਜੋ ਅਸੀਂ ਆਪ ਵੀ ਆਪਣੇ ਹਰੇਕ ਕਰਜ਼ਾਈ ਨੂੰ ਮਾਫ਼ ਕਰਦੇ ਹਾਂ (ਆਇਤਾਂ 2–4)।

ਸਹੀ ਤਰੀਕੇ ਨਾਲ ਯਿਸੂ ਨੂੰ ''ਚੇਲਿਆਂ ਦੀ ਦੁਆ'' ਜਾਂ ''ਆਦਰਸ਼ ਦੁਆ'' ਆਖਿਆ ਜਾ ਸਕਦਾ ਹੈ। ਇਸ ਦਾ ਸੰਖੇਪ ਅਤੇ ਮਸ਼ਹੂਰੀ ਭਾਗ ਪਹਾੜੀ ਉਪਦੇਸ਼ ਵਿਚ ਮਿਲਦਾ ਹੈ (ਮੱਤੀ 6:9–15)।[4] ਅਸੀਂ ਇਸ ਉਦਾਹਰਣ ਤੋਂ ਖ਼ੁਦਾ ਕੋਲ ਅਪੱੜਨ ਬਾਰੇ ਕਾਫ਼ੀ ਕੁਝ ਸਿੱਖ ਸਕਦੇ ਹਾਂ।[5]

ਖ਼ੁਦਾ ਦੇ ਕੋਲ ਅਸੀਂ ਉਸ ਨੂੰ ਆਪਣਾ *ਪਿਤਾ* ਮੰਨ ਕੇ ਆਉਂਦੇ ਹਾਂ:[6] ਦੁਆ ਦੀ ਸ਼ੁਰੂਆਤ ''ਹੇ ਪਿਤਾ'' ਸ਼ਬਦ ਨਾਲ ਹੁੰਦੀ ਹੈ।

ਖ਼ੁਦਾ ਦੇ ਕੋਲ ਅਸੀਂ ਉਸ ਨੂੰ ਖ਼ੁਦਾਈ *ਜੀਵ* ਜਾਣ ਕੇ ਆਉਂਦੇ ਹਾਂ: ''ਤੇਰਾ ਨਾਮ ਪਵਿੱਤਰ ਮੰਨਿਆ ਜਾਵੇ'' ''ਪਵਿੱਤਰ'' ਮੰਨਿਆ ਜਾਵੇ ਦਾ ਮਤਲਬ ''ਪਵਿੱਤਰ ਜਾਣਨਾ'' ਹੈ। ਦਸ ਹੁਕਮਾਂ ਵਿਚ ਤੀਜੀ ਆਗਿਆ ਸੀ ਕਿ ''ਤੂੰ ਯਹੋਵਾਹ ਆਪਣੇ ਖ਼ੁਦਾ ਦਾ ਨਾਮ ਵਿਅਰਥ ਨਾ ਲੈ'' (ਕੂਚ 20:7)। ਹਰ ਦੁਆ ਵਿਚ ਸਭ ਤੋਂ ਪਹਿਲਾਂ ਇਹੀ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ ਕਿ ਖ਼ੁਦਾ ਦੀ ਵਡਿਆਈ ਅਤੇ ਤਾਰੀਫ਼ ਹੋਵੇ, ਭਾਵ ਉਸੇ ਦੇ ਨਾਮ ਨੂੰ ਇੱਜ਼ਤ ਮਿਲੇ।

ਅਸੀਂ ਖ਼ੁਦਾ ਦੇ ਕੋਲ ਉਸ ਨੂੰ ਮੰਨ ਕੇ ਆਉਂਦੇ ਹਾਂ: ''ਤੇਰਾ ਰਾਜ ਆਵੇ।'' ਖ਼ੁਦਾ ਦਾ ਰਾਜ ਲੋਕਾਂ ਦੇ ਮਨਾਂ ਭਾਵ ਜ਼ਿੰਦਗੀਆਂ ਵਿਚ ਸਰਵਸ਼ਕਤੀਮਾਨ ਦਾ ਤਖ਼ਤ ਹੈ। ''ਤੇਰਾ ਰਾਜ ਆਵੇ'' ਦੀ ਦੁਆ ਅਸੀਂ ਉਸੇ ਅਰਥ ਵਿਚ ਨਹੀਂ ਕਰ ਸਕਦੇ। ਜਿਸ ਵਿਚ ਪੈਂਟੀਕਾਸਟ ਦਾ ਦਿਨ ਆਉਣ ਤੋਂ ਪਹਿਲਾਂ ਚੇਲਿਆਂ ਨੇ ਕੀਤੀ ਸੀ, ਕਿਉਂਕਿ ਰਾਜ/ਕਲੀਸੀਆ ਤਾਂ ਆ ਚੁੱਕੀ ਹੈ[7] ਪਰ ਸਾਨੂੰ ਇਹ ਦੁਆ ਕਰਨੀ ਚਾਹੀਦੀ ਹੈ ਕਿ ਸਭ ਥਾਵਾਂ ਸਭ ਲੋਕ ਖ਼ੁਦਾ ਨੂੰ ਆਪਣੀਆਂ ਜ਼ਿੰਦਗੀਆਂ ਦਾ ਰਾਜ ਬਣਾਉਣ।

ਅਸੀਂ ਖ਼ੁਦਾ ਨੂੰ *ਉਪਾਅ ਕਰਨ ਵਾਲਾ* ਮੰਨ ਕੇ ਉਸ ਦੇ ਕੋਲ ਆਉਂਦੇ ਹਾਂ: ''ਸਾਡੀ ਰੋਜ਼ ਦੀ ਰੋਟੀ ਰੋਜ਼ ਸਾਨੂੰ ਦਿਹ।'' ਖਾਣ ਲਈ ਕੰਮ ਕਰਨਾ ਜ਼ਰੂਰੀ ਹੈ (ਵੇਖੋ 2 ਥੱਸਲੁਨੀਕੀਆਂ 3:10), ਪਰ ਇਸ ਦੇ ਨਾਲ ਹੀ ਇਹ ਗੱਲ ਸਮਝਣੀ ਵੀ ਜ਼ਰੂਰੀ ਹੈ ਕਿ ਸਾਰੀਆਂ ਬਰਕਤਾਂ ਪ੍ਰਭੂ ਦੇ ਵੱਲੋਂ ਮਿਲਦੀਆਂ ਹਨ (ਯਾਕੂਬ 1:17)।

ਅਸੀਂ ਖ਼ੁਦਾ ਨੂੰ ਨਿਆਈ ਜਾਣ ਕੇ ਉਸ ਦੇ ਕੋਲ ਆਉਂਦੇ ਹਾਂ, ਜਿਸ ਦੇ ਹੱਥ ਵਿਚ ਸਾਡਾ ਭਵਿੱਖ ਹੈ: ''ਅਤੇ ਸਾਡੇ ਪਾਪ ਸਾਨੂੰ ਮਾਫ਼ ਕਰ, ਕਿਉਂ ਜੋ ਅਸੀਂ ਆਪ ਵੀ ਆਪਣੇ ਹਰੇਕ ਕਰਜ਼ਦਾਰ[8] ਨੂੰ ਮਾਫ਼ ਕਰਦੇ ਹਾਂ।'' ਦੋ ਗੱਲਾਂ ਹਨ ''ਜੋ ਕਿਸੇ ਮਸੀਹੀ ਦੀ ਖੁਸ਼ੀ ਭਾਵ ਉਪਯੋਗਤਾ ਨੂੰ ਨਸ਼ਟ ਕਰ ਦੇਵੇਗੀ: ਜ਼ਿੰਦਗੀ ਵਿਚ ਪਾਪ ਨੂੰ ਨਾ ਮੰਨਣਾ ਅਤੇ ਮਾਫ਼ੀ ਰਹਿਤ ਪਾਪ ਅਤੇ ਕੌੜਾ, ਸਖ਼ਤ ਅਤੇ ਦੂਜਿਆਂ ਨੂੰ ਮਾਫ਼ ਨਾ ਕਰਨਾ ਵਾਲਾ ਮਨ।''[9] ਆਦਰਸ਼ ਦੁਆ ਵਿਚ ਦੋਹਾਂ ਦੀ ਗੱਲ ਕੀਤੀ ਗਈ ਹੈ।

ਅਸੀਂ ਖ਼ੁਦਾ ਨੂੰ ਸੁਰੱਖਿਆ ਦੇਣ *ਵਾਲਾ* ਮੰਨ ਕੇ ਉਸ ਦੇ ਕੋਲ ਆਉਂਦੇ ਹਾਂ। ''ਅਤੇ ਸਾਨੂੰ ਪਰਤਾਵੇ ਵਿਚ ਨਾ ਲਿਆ।'' ਕਿਉਂਕਿ ਖ਼ੁਦਾ ''ਅਤੇ ਨਾ ਉਹ ਆਪ ਕਿਸੇ ਨੂੰ ਪਰਤਾਉਂਦਾ ਹੈ'' (ਯਾਕੂਬ 1:13), ਇਸ ਬੇਨਤੀ ਦਾ ਮਤਲਬ ਇਹ ਹੈ ਕਿ ''ਪਰਤਾਵੇ ਦੇ ਨਾਲ ਹੀ ਬਚ ਜਾਣ ਦਾ ਉਪਾਅ ਵੀ ਕੱਢ ਦੇਵੇਗਾ'' (ਵੇਖੋ ਯਾਕੂਬ 1:14, 15; 1 ਕੁਰਿੰਥੀਆਂ 10:13)। ਐਫ਼ ਵੀ. ਮੈਕਫ਼ੇਟ੍ਰਿਕ ਨੇ ਇਸ ਰੂਪਕ ਦੀ ਵਰਤੋਂ ਕੀਤੀ: ''ਪਾਪਾਂ ਦੀ ਮਾਫ਼ੀ ਸੱਪ ਦੇ ਕੱਟੇ ਦਾ ਇਲਾਜ ਹੈ; ਇਹ ਦੁਆ *[ਦਾ ਭਾਗ]* ਸਾਨੂੰ ਸੱਪ ਦੇ ਹਮਲੇ ਵਾਲੇ ਇਲਾਕੇ ਤੋਂ ਦੂਰ ਰੱਖਣ ਦੀ ਇੱਛਾ ਹੈ।''[10]

ਆਦਰਸ਼ ਦੁਆ ਵਿਚ ਪੂਰੀ ਜ਼ਿੰਦਗੀ ਹੀ ਆ ਜਾਂਦੀ ਹੈ: ਇਸ ਵਿਚ *ਮੌਜੂਦਾ* ਲੋੜ ਦੱਸੀ ਗਈ ਹੈ: ''ਸਾਡੀ ਰੋਜ਼ ਦੀ ਰੋਟੀ ਰੋਜ਼ ਸਾਨੂੰ ਦੇਹ।'' ਇਸ ਵਿਚ *ਪਿੱਛਲੇ* ਅਪਰਾਧ ਦੀ ਗੱਲ ਹੈ: ''ਸਾਡੇ

ਪਾਪ ਸਾਨੂੰ ਮਾਫ਼ ਕਰ।'' ਇਸ ਵਿਚ *ਭਵਿੱਖ* ਦੇ ਪਰਤਾਵਿਆਂ ਦੀ ਗੱਲ ਹੈਃ ''ਅਤੇ ਸਾਨੂੰ ਪਰਤਾਵੇ ਵਿਚ ਲਾ ਲਿਆ।''[11]

ਆਦਰਸ਼ ਦੁਆ ਬਾਰੇ ਹੋਰ ਵੀ ਬਹੁਤ ਕੁਝ ਆਖਿਆ ਜਾ ਸਕਦਾ ਸੀ, ਪਰ ਇਸ ਦੇ ਅਧਿਐਨ ਨਾਲ ਅਸੀਂ ਇਕ ਹੀ ਨਿਚੋੜ ਕੱਢ ਸਕਦੇ ਹਾਂ ਅਤ ਉਹ ਇਹ ਹੈ ਕਿ ਸਾਨੂੰ ਸਾਰਿਆਂ ਨੂੰ ਪਾਰ੍ਹਨਾ ਦੀ ਲੋੜ ਹੈ। ਅਲਫ਼ੋਡ, ਲਾਡ ਟੇਨਿਸਨ ਨੇ ਲਿਖਿਆ ਹੈ, ''ਦੁਆ ਨਾਲ ਇਨ੍ਹਾਂ ਗੱਲਾਂ ਤੇ ਫ਼ਤਹਿ ਪਾਈ ਜਾਂਦੀ ਹੈ, ਜਿਨ੍ਹਾਂ ਇਹ ਸੰਸਾਰ ਸੁਪਨਾ ਵੀ ਨਹੀਂ ਵੇਖ ਸਕਦਾ।''[12] ਰਿਚਰਡ ਫ਼ੋਸਟਰ ਨੇ ਦੁਆ ਤੇ ਆਪਣੀ ਕਿਤਾਬ ਦਾ ਸਿਰਲੇਖ *ਫ਼ਾਈਂਡਿੰਗ ਦ ਹਾਈਮ ਟੂ ਹੋਮ* ਦਿੱਤਾ ਹੈ।[13] ਖ਼ੁਦਾ ਨੇ ਯਿਰਮਿਯਾਹ ਨੂੰ ਆਖਿਆ ਸੀ, ''ਮੈਨੂੰ ਪੁਕਾਰ ਅਤੇ ਮੈਂ ਤੈਨੂੰ ਉੱਤਰ ਦਿਆਂਗਾ ਅਤੇ ਮੈਂ ਤੈਨੂੰ ਵੱਡੀਆਂ ਵੱਡੀਆਂ ਅਤੇ ਔਖੀਆਂ ਗੱਲਾਂ ਦੱਸਾਂਗਾ'' (ਯਿਰਮਿਯਾਹ 33:3)। ਯਿਸੂ ਨੇ ਆਖਿਆ, ''ਅਤੇ ਸਭ ਕੁਝ ਜੋ ਤੁਸੀਂ ਨਿਹਚਾ ਨਾਲ ਪ੍ਰਾਰਥਨਾ ਕਰ ਕੇ ਮੰਗੋ ਸੋ ਪਾਓਗੇ'' (ਮੱਤੀ 21:22)।

ਦੁਆ ਤੇ ਮਸੀਹ ਦੇ ਪਹਿਲੇ ਪਾਠ ਨੂੰ ਇਸ ਤਰ੍ਹਾਂ ਸੰਖੇਪ ਕੀਤਾ ਜਾ ਸਕਦਾ ਹੈਃ ''ਦੁਆ ਵਿਚ ਬਣੇ ਰਹੋ।'' ਪਹਿਲੀ ਤਾਂ ਤੁਹਾਨੂੰ ਇਹ ਇਕ ਅਜੀਬ ਸਲਾਹ ਲੱਗ ਸਕਦੀ ਹੈ। ਕਈ ਕਲਾਵਾਂ ਲਈ ਕੰਮ ਤੋਂ ਪਹਿਲਾ ਬਹੁਤ ਪੜ੍ਹਾਈ ਕਰਨੀ ਪੈਂਦੀ ਹੈ, ਪਰ ਦੁਆ ਕਰਨਾ ਸਿੱਖਣ ਤੋਂ ਪਹਿਲਾਂ ਕੰਮ ਇਹ ਹੈ ਕਿ ਤੁਸੀਂ ਦੁਆ ਕਰਨਾ *ਸ਼ੁਰੂ* ਕਰੋ।[14] ਖ਼ੁਦਾ ਦੇ ਕੋਲ ਜਾਓ। ਖ਼ੁਦਾ ਦੇ ਕੋਲ *ਹਰ* ਇਕ ਲੋੜ ਲੈ ਕੇ ਜਾਓ

> ਇਮਤਿਹਾਨ ਹੋਵੇ ਸਾਹਮਣੇ,
> ਜਾਂ ਤਕਲੀਫ਼ ਮੁਸੀਬਤ ਹੋਵੇ,
> ਫਿਰ ਦਲੇਰ ਅਤੇ ਸ਼ਾਨ ਤੁਸੀਂ ਹੋ ਕੇ
> ਪਿਤਾ ਨੂੰ ਜਾ ਕੇ ਖ਼ਬਰ ਦਿਓ।[15]

## ਲੱਗੇ ਰਹੋ (ਆਇਤਾਂ 5-8)

ਦੁਆ ਕਰਨ ਲਈ ਆਪਣੇ ਚੇਲਿਆਂ ਨੂੰ ਉਤਸ਼ਾਹਿਤ ਕਰਨ ਲਈ ਯਿਸੂ ਨੇ ਹਸਾਉਣ ਵਾਲਾ ਇਕ ਦ੍ਰਿਸ਼ਟਾਂਤ ਦੱਸਿਆਃ

> ਉਸ ਨੇ ਉਨ੍ਹਾਂ ਨੂੰ ਆਖਿਆ ਕਿ ਤੁਹਾਡੇ ਵਿੱਚੋਂ ਕੌਣ ਹੈ ਜਿਹ ਦਾ ਇਕ ਮਿੱਤਰ ਹੋਵੇ ਅਤੇ ਅੱਧੀ ਰਾਤ ਨੂੰ ਉਹ ਦੇ ਕੋਲ ਜਾ ਕੇ ਉਹ ਨੂੰ ਕਹੇ, ਮਿੱਤ੍ਰਾ ਤਿੰਨ ਰੋਟੀਆਂ ਮੈਨੂੰ ਉਧਾਰੀਆਂ ਦਿਹ। ਕਿਉਂ ਜੋ ਮੇਰਾ ਇਕ ਮਿੱਤਰ ਪੈਂਡਾ ਕਰ ਕੇ ਮੇਰੇ ਕੋਲ ਆਇਆ ਹੈ ਅਤੇ ਮੇਰੇ ਕੋਲ ਕੁਝ ਨਹੀਂ ਜੋ ਉਹ ਦੇ ਅੱਗੇ ਰੱਖਾਂ। ਅਰ ਉਹ ਅੰਦਰੋਂ ਉੱਤਰ ਦੇਵੇ ਭਈ ਮੈਨੂੰ ਔਖਾ ਨਾ ਕਰ, ਹੁਣ ਬੂਹਾ ਵੱਜਿਆ ਹੋਇਆ ਹੈ ਅਤੇ ਮੇਰੇ ਲੜਕੇ ਬਾਲੇ ਮੇਰੇ ਨਾਲ ਸੁੱਤੇ ਪਏ ਹਨ, ਮੈਂ ਉੱਠ ਕੇ ਤੈਨੂੰ ਦੇ ਨਹੀਂ ਸੱਕਦਾ। ਮੈਂ ਤੁਹਾਨੂੰ ਆਖਦਾ ਹਾਂ, ਭਾਵੇਂ ਉਹ ਉਸ ਦਾ ਮਿੱਤਰ ਹੋਣ ਦੇ ਕਾਰਣ ਉੱਠ ਕੇ ਉਹ ਨੂੰ ਨਾ ਦੇਵੇ ਪਰ ਉਹ ਦੇ ਢੀਠਪੁਣੇ ਦੇ ਕਾਰਣ ਉੱਠੇਗਾ ਅਤੇ ਜਿੰਨੀਆਂ ਦੀ ਲੋੜ ਹੋਵੇਗੀ ਉਹ ਨੂੰ ਦੇਵੇਗਾ (ਆਇਤਾਂ 5–8)।

ਉਸ ਜ਼ਮਾਨੇ ਵਿਚ, ਪ੍ਰਾਹੁਣਚਾਰੀ ਸਮਾਜਿਕ ਆਦਰ ਹੀ ਨਹੀਂ, ਇਕ /ਵਿਹਾਰਕ ਲੋੜ ਭਾਵ ਨੈਤਿਕ ਜ਼ਿੰਮੇਵਾਰੀ ਵੀ ਹੁੰਦੀ ਸੀ। ਸਰਾਵਾਂ ਬਹੁਤ ਘੱਟ ਅਤੇ ਦੂਰ ਦੂਰ ਹੀ ਮਿਲਦੀਆਂ ਸਨ।[16] ਜਾਣਕਾਰ ਹੋਵੇ ਭਾਵੇਂ ਅਜਨਬੀ, ਘਰ ਵਾਲਿਆਂ ਤੋਂ ਉਸ ਨੂੰ ਖਾਣਾ ਅਤੇ ਰਹਿਣ ਲਈ ਥਾਂ ਦੇਣ ਦੀ ਆਸ ਕੀਤੀ ਜਾਂਦੀ ਸੀ। ਇਸ ਦ੍ਰਿਸ਼ਟਾਂਤ ਵਿਚ, ਇਕ ਮਿੱਤਰ ਅੱਧੀ ਰਾਤ ਦੇ ਸਮੇਂ ਆਇਆ। ਅਸੀਂ ਨਹੀਂ ਜਾਣਦੇ ਕਿ ਉਹ ਐਨੀ ਰਾਤ ਨੂੰ ਕਿਉਂ ਆਇਆ। ਹੋ ਸਕਦਾ ਹੈ ਕਿ ਉਸ ਨੂੰ ਸਮੇਂ ਦਾ ਪਤਾ ਨਾ ਲੱਗਾ ਹੋਵੇ। ਹੋ ਸਕਦਾ ਹੈ ਕਿ ਉਸ ਨੂੰ ਰਾਹ ਵਿਚ ਮੁਸੀਬਤ ਆ ਗਈ ਹੋਵੇ। ਹੋ ਸਕਦਾ ਹੈ ਕਿ ਉਸ ਨੇ ਦਿਨ ਦੀ

ਗਰਮੀ ਤੋਂ ਬਚਣ ਲਈ ਰਾਤ ਨੂੰ ਸਫ਼ਰ ਕੀਤਾ ਹੋਵੇ।[17] ਕਾਰਣ ਜੋ ਵੀ ਹੋਵੇ, ਉਹ ਅੱਧੀ ਰਾਤ ਨੂੰ ਬਿਨ ਦੱਸੇ ਕਿਸ ਦੇ ਘਰ ਚਲਿਆ ਗਿਆ। ਉਸ ਦੇ ਕੋਲ ਰਹਿਣ ਲਈ ਤਾਂ ਥਾਂ ਸੀ, ਪਰ ਖਾਣਾ ਨਹੀਂ ਸੀਃ ਖਾਣੇ ਦੇ ਸਮਾਨ ਵਾਲੀ ਅਲਮਾਰੀ ਖਾਲੀ ਸੀ।[18]

ਬਹੁਤ ਪਰੇਸ਼ਾਨ ਕਰਨ ਵਾਲੇ ਹਾਲਾਤ ਸਨ। ਉਸ ਵਕਤ ਰਾਤ ਭਰ ਖੁੱਲ੍ਹੇ ਰਹਿਣ ਵਾਲੇ ਢਾਬੇ ਨਹੀਂ ਹੁੰਦੇ ਸਨ।[19] ਘਰ ਦਾ ਮਾਲਕ ਕੀ ਕਰਦਾ ਹੈ? ਉਸ ਨੇ ਸੋਚਿਆ, ''ਮੇਰਾ ਇਕ ਦੋਸਤ ਨੇੜੇ ਹੀ ਰਹਿੰਦਾ ਹੈ। ਉਸ ਤੋਂ ਰੋਟੀ ਮੰਗ ਲਿਆਉਂਦਾ ਹਾਂ।'' ਉਹ ਉਸ ਦੋਸਤ ਦੇ ਘਰ ਚਲਿਆ ਗਿਆ। ਗੇਟ ਬੰਦ ਕਰਕੇ ਤਾਲਾ ਲਾ ਦਿੱਤਾ ਗਿਆ। ਖਿੜਕੀ ਦਰਵਾਜ਼ੇ ਬੰਦ ਕਰ ਦਿੱਤੇ ਗਏ ਸਨ।[20] ਇਸ ਦੇ ਬਾਵਜੂਦ ਉਹ ਆਦਮੀ ਪਿੱਛੇ ਨਹੀਂ ਹਟਿਆ, ਉਸ ਨੇ ਦਰਵਾਜ਼ਾ ਖੜਕਾ ਦਿੱਤਾ।[21]

ਅੰਦਰੋਂ ਕਿਸੇ ਨੇ ਨੀਂਦ ਵਿਚ ਅਵਾਜ਼ ਦਿੱਤੀ ਹੋਵੇਗੀਃ ''ਕੌਣ ਹੈ? ਕੀ ਚਾਹੀਦਾ ਹੈ?''

ਬਾਹਰ ਖੜੇ ਆਦਮੀ ਨੇ ਆਖਿਆ, ''ਮਿੱਤਰਾ ਤਿੰਨ ਰੋਟੀਆਂ ਮੈਨੂੰ ਉਧਾਰੀਆਂ ਦੇਹ। ਕਿਉਂ ਜੋ ਮੇਰਾ ਇਕ ਮਿੱਤਰ ਪੈਂਡਾ ਕਰ ਕੇ ਮੇਰੇ ਕੋਲ ਆਇਆ ਹੈ ਅਤੇ ਮੇਰੇ ਕੋਲ ਕੁਝ ਨਹੀਂ ਜੋ ਉਸ ਦੇ ਅੱਗੇ ਰੱਖਾਂ'' (ਆਇਤਾਂ 5, 6)। ਉਸ ਨੇ ਤਿੰਨ ਰੋਟੀਆਂ ਮੰਗੀਆਂ, ਤਾਂ ਜੋ ਇਕ ਉਸ ਲਈ, ਇਕ ਉਸਦੇ ਮਹਿਮਾਨ ਲਈ ਅਤੇ ''ਇਕ ਖੁਲਦਿਲੀ ਦੇ ਸਬੂਤ ਦੇ ਤੌਰ ਤੇ ਆਪਣੇ ਕੋਲ ਰੱਖਣ'' ਲਈ ਹੋਵੇਗੀ।[22]

ਸੜਿਆ ਜਵਾਬ ਮਿਲਿਆਃ ''ਮੈਨੂੰ ਔਖਾ ਨਾ ਕਰ, ਹੁਣ ਬੂਹਾ ਵੱਜਿਆ ਹੋਇਆ ਹੈ ਅਤੇ ਮੇਰੇ ਲੜਕੇ ਬਾਲੇ ਮੇਰੇ ਨਾਲ ਸੁੱਤੇ ਪਏ ਹਨ, ਮੈਂ ਉੱਠ ਕੇ ਤੈਨੂੰ ਦੇ ਨਹੀਂ ਸਕਦਾ'' (ਆਇਤ 7)। ਕਈ ਘਰਾਂ ਵਿਚ ਇਕ ਹੀ ਕਮਰਾ ਹੁੰਦਾ ਸੀ। ਰਾਤ ਨੂੰ, ਸੌਣ ਲਈ ਚਟਾਈ। ਫ਼ਰਸ਼ ਤੇ ਵਿੱਛਾ ਦਿੱਤੀ ਜਾਂਦੀ ਸੀ। ਜਿਸ ਘਰ ਵਿਚ ਕਈ ਬੱਚੇ ਹੁੰਦੇ ਸਨ, ਉੱਥੇ ਪੂਰਾ ਕਮਰਾ ਬੱਚਿਆਂ ਦੇ ਨਾਲ ਭਰਿਆ ਹੁੰਦਾ ਸੀ।[23] ਸਿਆਲ ਦੀ ਰੁੱਤੇ ਬਿਸਤਰੇ ਚੋਂ ਬਾਹਰ ਨਿੱਕਲਦਿਆਂ (ਚੁੱਲ੍ਹੇ ਦੀ ਅੱਗ ਬੁੱਝ ਗਈ ਹੈ) ਅਤੇ ਹਨ੍ਹੇਰੇ ਵਿਚ ਲੜਖੜਾਉਂਦੇ ਹੋਏ ਰਜਾਈਆਂ ਉੱਤੋਂ ਦੀ ਲੰਘਦੇ ਹੋਏ ਤਿੰਨ ਰੋਟੀਆਂ ਲੱਭਣ ਲਈ ਉੱਠਣ ਦੀ ਕਲਪਨਾ ਕਰੋ (ਕੋਈ ਬੱਤੀ ਨਹੀਂ ਹੈ[24])। ਤੁਸੀਂ ਸਮਝ ਸਕਦੇ ਹੋ ਕਿ ਉਹ ਆਦਮੀ ਮਨ ਹੀ ਮਨ ਆਖ ਰਿਹਾ ਹੋਵੇਗਾ ''ਚਲਿਆ ਜਾਹ!''

ਪਰ ਰੋਟੀ ਮੰਗਣ ਵਾਲਾ ''ਨਾ'' ਨਹੀਂ ਸੁਣਨਾ ਚਾਹੁੰਦਾ ਸੀ। ਯਿਸੂ ਨੇ ਆਖਿਆ, ''ਮੈਂ ਤੁਹਾਨੂੰ ਆਖਦਾ ਹਾਂ ਕਿ ਭਾਵੇਂ ਉਹ ਉਸ ਦਾ ਮਿੱਤਰ ਹੋਣ ਦੇ ਕਾਰਣ ਉੱਠ ਕੇ ਉਹਨੂੰ ਨਾ ਦੇਵੇ ਪਰ ਉਹ ਦੇ ਢੀਠਪੁਣੇ ਦੇ ਕਾਰਣ ਉੱਠੇਗਾ ਅਤੇ ਜਿੰਨੀਆਂ ਦੀ ਲੋੜ ਹੋਵੇਗੀ ਉਹ ਨੂੰ ਦਵੇਗਾ'' (ਆਇਤ 8)। ਉਨ੍ਹਾਂ ਵਿਚ ਰੋਈ ਗੱਲਬਾਤ ਦੀ ਕਲਪਨਾ ਕਰਨਾ ਮੁਸ਼ਕਿਲ ਨਹੀਂ ਹੈਃ

(ਠਕ, ਠਕ, ਠਕ।)

''ਮੈਂ ਆਖਿਆ ਚਲਿਆ ਜਾ! ਮੈਂ ਬੱਚਿਆਂ ਨੂੰ ਬੜੀ ਮੁਸ਼ਕਿਲ ਨਾਲ ਸੁਆਇਆ ਹੈ। ਇਨ੍ਹਾਂ ਵਿੱਚੋਂ ਇਕ ਵੀ ਉੱਠ ਗਿਆ ਤਾਂ ਮੈਂ ਪੂਰੀ ਰਾਤ ਸੌਂ ਨਹੀਂ ਸੱਕਾਗਾਂ!''

''ਪਰ ਮੈਨੂੰ ਤਾਂ ਰੋਟੀ ਚਾਹੀਦੀ ਹੀ ਚਾਹੀਦੀ ਹੈ!''

''ਨਹੀਂ!''

(ਠਕ, ਠਕ, ਠਕ।)

''ਬੰਦ ਕਰ, ਠਕ ਠਕ! ਪੜਾਕ ਨਾਲ ਮੇਰੀ ਪਤਨੀ ਜਾਗ ਜਾਵੇਗੀ ਅਤੇ ਜੇ ਤੂੰ ਖੜਾਕ ਬੰਦ ਨਾ ਕੀਤਾ, ਤਾਂ ਸਾਨੂੰ ਦੋਹਾਂ ਨੂੰ ਪਰੇਸ਼ਾਨੀ ਹੋਵੇਗੀ। ਜਦੋਂ ਮੇਰੀ ਪਤਨੀ ਖੁਸ਼ ਨਹੀਂ ਤਾਂ *ਕੋਈ* ਖੁਸ਼ ਨਹੀਂ ਹੁੰਦਾ!''[25]

''ਪਰ ਮੈਨੂੰ ਤਾਂ ਰੋਟੀ *ਚਾਹੀਦੀ* ਹੀ ਚਾਹੀਦੀ ਹੈ!''

''ਨਹੀਂ!''

(ਠਕ, ਠਕ, ਠਕ)

‘‘ਚੰਗਾ ਬਾਬਾ, ਰੁਕ ਜਾਓ। ਤੂੰ ਸਾਰਿਆਂ ਨੂੰ ਉਠਾ ਹੀ ਦੇਵੇਂਗਾ! ਇਹ ਠਕ ਠਕ ਬੰਦ ਕਰ ਅਤੇ ਮੈਂ ਵੇਖਦਾ ਹਾਂ ਜੇ ਘਰ ਵਿਚ ਕੁਝ ਪਿਆ ਹੋਵੇ!’’

ਅਨੁਵਾਦ ਹੋਏ ਸ਼ਬਦ ‘‘ਬੇਇਜ਼ਤੀ’’ ਇਸ ਸਚਿਆਈ ਦੇ ਵੱਲ ਸੰਕੇਤ ਹੋ ਸਕਦਾ ਹੈ ਕਿ ਮੇਜ਼ਬਾਨ ਦੇ ਕੋਲ ਜੇ ਆਪਣੇ ਮਹਿਮਾਨ ਲਈ ਦੇਣ ਨੂੰ ਕੁਝ ਨਾ ਹੁੰਦਾ ਤਾਂ ਉਸ ਨੂੰ ਸ਼ਰਮਿੰਦਾ ਹੋਣਾ ਪੈਂਦਾ। ਯਕੀਨਨ ਹੀ ਉਹ ਜ਼ਿੱਦ ਵਿਚ ‘‘ਜੋ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਉਹ ਸੁਰਗੀ ਪਿਤਾ *ਕਿੰਨਾ ਵਧੀਕ* ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਦੇਵੇਗਾ।’’ ਬੂਹਾ ਖੜਕਾਉਣ ਨਾਲ ਸਾਰੇ ਗੁਆਂਢੀ ਜਾਗ ਗਏ ਹੋਣਗੇ। ਸਭ ਬੱਤੀਆਂ ਜਗ ਗਈਆਂ ਸਨ। ਕੁੱਤੇ ਭੌਂਕ ਰਹੇ ਸਨ। ਗੁੱਸੇ ਦੇ ਸੁਭਾਅ ਵਾਲੇ ਲੋਕ ਉਸ ਨੂੰ ਰੌਲਾ ਪਾਉਣ ਨੂੰ ਬੰਦ ਕਰਨ ਲਈ ਆਖ ਰਹੇ ਸਨ। ਉਸਦਾ ਚਿਹਰਾ ਸ਼ਰਮ ਨਾਲ ਲਾਲ ਹੋ ਗਿਆ ਹੋਵੇਗਾ, ਪਰ ਫਿਰ ਵੀ ਰੋਟੀਆਂ ਮਿਲਣ ਤਕ ਉਹ ਉੱਥੋਂ ਨਹੀਂ ਹਿੱਲਿਆ।

ਕੀ ਇਸ ਦ੍ਰਿਸ਼ਟਾਂਤ ਦਾ ਮਕਸਦ ਇਹ ਸਿਖਾਉਣਾ ਹੈ ਕਿ ਖ਼ੁਦਾ ਉਸ ਦੋਸਤ ਵਾਂਗ ਹੈ, ਜਿਸ ਤੋਂ ਕੁਝ ਮੰਗਣ ਲਈ ਉਸ ਨੂੰ ਤੰਗ ਕਰਨਾ ਜ਼ਰੂਰੀ ਹੈ? ਬੇਸ਼ੱਕ ਨਹੀਂ। ਦੁਆ ਤੇ ਯਿਸੂ ਦੀ ਸਿੱਖਿਆ ਦੇ ਦੌਰਾਨ ਦਿੱਤੀ ਗਈ ਆਖ਼ਰੀ ਉਦਾਹਰਣ ਨੂੰ ਵੇਖਣ ਦੇ ਲਈ ਆਇਤ 13 ਤੇ ਧਿਆਨ ਦਿਓ: ‘‘ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਉਹ ਸੁਰਗੀ ਪਿਤਾ ਕਿੰਨਾ ਵਧੀਕ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਦੇਵੇਗਾ?’’ ਦ੍ਰਿਸ਼ਟਾਂਤ ਦੇ ਸੰਕੇਤ ਨੂੰ ਇਸ ਤਰ੍ਹਾਂ ਪਰਗਟ ਕੀਤਾ ਜਾ ਸਕਦਾ ਹੈ: ‘‘ਜੇ ਜ਼ਿੱਦੀ ਬਣ ਕੇ ਸਖ਼ਤ ਦੋਸਤ ਤੋਂ ਰੋਟੀਆਂ ਲਈਆਂ ਜਾ ਸਕਦੀਆਂ ਹਨ, ਤਾਂ ਸੁਰਗੀ ਪਿਤਾ ਤੋਂ *ਕਿਉਂ* ਨਹੀਂ, ਜੋ ਤੁਹਾਨੂੰ ਬਰਕਤ ਦੇਣ ਨੂੰ ਤਿਆਰ ਹੈ, ਜੇ ਤੁਸੀਂ ਜ਼ਿੱਦ ਨਾਲ ਬੇਨਤੀ ਕਰੋ ਤਾਂ ਉਹ ਉਸ ਦਾ ਜਵਾਬ ਜ਼ਰੂਰ ਦਿੰਦਾ ਹੈ!’’ ਬਾਅਦ ਵਿਚ ਯਿਸੂ ਨੇ ਆਪਣੇ ਚੇਲਿਆਂ ਨੂੰ ਇਕ ਅਜਿਹਾ ਹੀ ਦ੍ਰਿਸ਼ਟਾਂਤ ਦੱਸਿਆ, ਜਿਸ ਦੀ ਭੂਮਿਕਾ ਵਿਚ ਇਹ ਸ਼ਬਦ ਹਨ: ‘‘ਸਦਾ ਪ੍ਰਾਰਥਨਾ ਵਿਚ ਲੱਗੇ ਰਹਿਣ ਅਤੇ ਸੁਸਤੀ ਨਹੀਂ ਕਰਨੀ ਚਾਹੀਦੀ’’ (ਲੂਕਾ 18:1)। ਕ੍ਰਿਸ ਬੁਲਰਡ ਨੇ ਆਖਿਆ ਕਿ ਦ੍ਰਿਸ਼ਟਾਂਤ ਦਾ ਮਕਸੱਦ ‘‘ਸਾਨੂੰ ਖ਼ੁਦਾ ਦੇ ਨਾ ਆਖਣ ਤੇ ਕਾਬੂ ਪਾਉਣਾ ਸਿਖਾਇਆ ਨਹੀਂ ਸਗੋਂ ਇਹ ਦੱਸਣਾ ਸੀ ਕਿ ਅਸੀਂ ਉਸ ਦੀ ਮਰਜ਼ੀ ਨੂੰ ਕਿਵੇਂ ਮੰਨੀਏ।’’[26]

ਖ਼ੁਦਾ ਇਹ ਜਾਣਨਾ ਚਾਹੁੰਦਾ ਹੈ ਕਿ ਅਸੀਂ ਆਪਣੀਆਂ ਬੇਨਤੀਆਂ ਪ੍ਰਤੀ *ਗੰਭੀਰ* ਹਾਂ। ਉਹ ਦੁਚਿੱਤੇ ਮਨ ਦੀਆਂ ਦੁਆਵਾਂ ਦਾ ਜਵਾਬ ਨਹੀਂ ਦਿੰਦਾ। ਬਹੁਤ ਸਾਰੀਆਂ ਦੁਆਵਾਂ ਜਿੰਨੇ ਅਸਾਨ ਢੰਗ ਨਾਲ ਬੋਲੀਆਂ ਜਾਂਦੀਆਂ ਹਨ, ਉਨੀ ਹੀ ਅਸਾਨੀ ਨਾਲ ਭੁੱਲ ਵੀ ਜਾਂਦੀਆਂ ਹਨ।[27] ਇਸ ਤੋ ਪਹਿਲਾਂ ਕਿ ਖ਼ੁਦਾ ਸਾਡੀਆਂ ਦੁਆਵਾਂ ਨਾਲ ਪ੍ਰਭਾਵਿਤ ਹੋਵੇ, ਪਹਿਲਾਂ *ਸਾਡਾ* ਉਨ੍ਹਾਂ ਨਾਲ ਪ੍ਰਭਾਵਿਤ ਹੋਣਾ ਜ਼ਰੂਰੀ ਹੈ। ਉਹ ਸਾਡੇ ਮਨਾਂ ਤੋਂ ਨਿੱਕਲਣੀ ਚਾਹੀਦੀ ਹੈ!

## ਧੀਰਜ ਰੱਖੋ (ਲੂਕਾ 11:9, 10)

ਜ਼ਿੱਦ ਤੇ ਜ਼ੋਰ ਯਿਸੂ ਦੇ ਅਗਲੇ ਸ਼ਬਦਾਂ ਵਿਚ ਵੀ ਰਿਹਾ: ‘‘ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ, ਢੂੰਡੋ ਤਾਂ ਤੁਹਾਨੂੰ ਲੱਭੇਗਾ, ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ। ਕਿਉਂਕਿ ਹਰੇਕ ਜਿਹੜਾ ਮੰਗਦਾ ਹੈ ਉਹ ਲੈਂਦਾ ਹੈ ਅਤੇ ਜਿਹੜਾ ਢੂੰਡਦਾ ਹੈ ਉਹ ਲੱਭਦਾ ਹੈ ਅਤੇ ਜਿਹੜਾ ਖੜਕਾਉਂਦਾ ਹੈ ਉਹ ਲਈ ਖੋਲ੍ਹਿਆ ਜਾਵੇਗਾ’’ (ਆਇਤਾਂ 9, 10)। ਦ੍ਰਿਸ਼ਟਾਂਤ ਵਿਚ ਸੁਭਾਵਿਕ ਗੱਲ ਨੂੰ ਵੇਖਿਆ ਜਾ ਸਕਦਾ ਹੈ: ਘਬਰਾਇਆ ਹੋਇਆ ਮੇਜ਼ਬਾਨ ਆਪਣੇ ਦੋਸਤ ਲਈ ਰੋਟੀ *ਲੱਭ ਰਿਹਾ* ਸੀ, ਉਸ ਨੇ ਕਿਸੇ ਦੂਜੇ ਦੋਸਤ ਦਾ ਬੂਹਾ *ਖੜਕਾਇਆ ਸੀ* ਅਤੇ ਜ਼ਰੂਰੀ ਸਮਾਨ ਲਈ ਮੰਗਿਆ ਸੀ।

ਇਨ੍ਹਾਂ ਆਇਤਾਂ ਤੋਂ ਜੋ ਸਿੱਖਿਆ ਲਈ ਜਾ ਸਕਦੀ ਹੈ, ਉਹ ਇਹ ਹੈ ਕਿ ਸਾਨੂੰ ਜੋ ਵੀ ਚਾਹੀਦਾ ਉਸ ਲਈ ਸਾਨੂੰ ਖ਼ੁਦਾ ਤੋਂ ਮੰਗਣਾ ਚਾਹੀਦਾ ਹੈ।[28] ਯਾਕੂਬ ਨੇ ਲਿਖਿਆ ਹੈ, ‘‘ਤੁਹਾਡੇ ਪੱਲੇ ਕੁਝ

ਨਹੀਂ ਪੈਂਦਾ ਇਸ ਲਈ ਜੋ ਮੰਗਦੇ ਨਹੀਂ'' (ਯਾਕੂਬ 4:2)।

ਇਨ੍ਹਾਂ ਆਇਤਾਂ ਵਿਚ ਇਹ ਵੀ ਜ਼ੋਰ ਦਿੱਤਾ ਗਿਆ ਹੈ ਕਿ ਸਾਨੂੰ ਜ਼ਿੱਦ ਨਾਲ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ। ਮੂਲ ਲਿਖਤ ਵਿਚ ਅਨੁਵਾਦ ਹੋਏ ਸ਼ਬਦ ''ਮੰਗੋ,'' ''ਢੂੰਡੋ,'' ਅਤੇ ''ਖੜਕਾਉ'' ਮੌਜੂਦਾ ਕਾਲ ਵਿਚ ਹੀ ਹਨ, ਜੋ ਲਗਾਤਾਰ ਕਿਰਿਆ ਦਾ ਸੰਕੇਤ ਦਿੰਦੇ ਹਨ। ਆਇਤ 9 ਦਾ ਉਹੀਃ ਅਰਥ ਹੈ, ''ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ, ਢੂੰਡੋ ਤਾਂ ਤੁਹਾਨੂੰ ਲੱਭੇਗਾ, ਤਾਂ ਤੁਹਾਡੇ ਲਈ ਖੋਲਿਆ ਜਾਵੇਗਾ।'' ਅਬਰਾਹਾਮ ਤੇ ਧਿਆਨ ਦਿਓ ਜਿਸ ਨੇ ਸਦੂਮ ਅਤੇ ਅਮੂਰਾਹ ਲਈ ਲਗਾਤਾਰ ਦੁਆ ਕੀਤੀ ਸੀ (ਉਤਪਤ 18:22–32)। ਪੌਲੁਸ ਤੇ ਵਿਚਾਰ ਕਰੋ, ਜਿਸ ਨੇ ਆਪਣੇ ਸਰੀਰ ਦੇ ਕੰਡੇ ਬਾਰੇ ਦੁਆ ਕੀਤੀ (2 ਕੁਰਿੰਥੀਆਂ 12:8)। ਮਸੀਹ ਤੇ ਵਿਚਾਰ ਕਰੋ, ਜਿਸ ਨੇ ਦੁਆ ਕਰਦਿਆਂ ਪਸੀਨਾ ਮਾਨੋ ਲਹੂ ਦੀਆਂ ਬੂੰਦਾਂ ਦੀ ਤਰ੍ਹਾ ਡਿੱਗ ਰਿਹਾ ਸੀ (ਲੂਕਾ 22:44)। ਤਿੰਨੋ ਦੁਆਵਾਂ ਦਾ ਜਵਾਬ ਮਿਲਣ ਤਕ ਦੁਆ ਕਰਦੇ ਰਹੇ।[29]

ਇਸ ਵਾਕ ਵਿਚ ਕਿਰਿਆਵਾਂ ਦੀ ਲੜੀ ਸਿਰਫ਼ ਲੱਗੇ ਰਹਿਣ ਦਾ ਹੀ ਨਹੀਂ ਸਗੋਂ, ਹੋਰ ਵੀ ਜ਼ੋਰ ਨਾਲ ਲੱਗੇ ਰਹਿਣ ਦਾ ਸ਼ੰਕੇਤ ਦਿੰਦੀ ਹੈ। ਢੂੰਡਣਾ, ਮੰਗਣ ਤੋਂ ਵੱਧ ਹੈ, ਅਤੇ ਖੜਕਾਉਣ ਲਈ ਲੱਭਣ ਤੋਂ ਵਧ ਕੇ ਕੰਮ ਕਰਨਾ ਪੈਂਦਾ ਹੈ। ਸਾਡੀਆਂ ਦੁਆਵਾਂ *ਲਗਾਤਾਰ* ਹੋਣੀਆਂ ਚਾਹੀਦੀਆਂ ਹਨ। ''ਧਰਮੀ ਪੁਰਖ ਦੀ ਇਸ ਨਾਲ ਕੀਤੀ ਬੇਨਤੀ ਤੋਂ ਬਹੁਤ ਅਸਲ ਹੁੰਦਾ ਹੈ'' (ਯਾਕੂਬ 5:16; ਵੇਖੋ KJV)।[30]

ਸਾਨੂੰ ਦੁਆ ਕਿਉਂ ਕਰਨੀ ਚਾਹੀਦੀ ਹੈ? ਸਾਨੂੰ ਜ਼ਿੱਦ ਨਾਲ ਦੁਆ ਕਿਉਂ ਕਰਨੀ ਚਾਹੀਦੀ ਹੈ? ਸਾਨੂੰ ਦੁਆ ਕਿਉਂ ਕਰਦੇ ਰਹਿਣਾ ਚਾਹੀਦਾ ਹੈ? ਕਿਉਂ, ਬਾਈਬਲ ਦੀਆਂ ਇਨ੍ਹਾਂ ਆਇਤਾਂ ਮੁਤਾਬਿਕ, ਖ਼ੁਦਾ ਦੁਆ ਦਾ ਜਵਾਬ ਦਿੰਦਾ ਹੈ। ਇਨ੍ਹਾਂ ਆਇਤਾਂ ਵਿਚ ਹਰ ਕੰਮ ਦਾ ਸਹੀ ਜਵਾਬ ਹੈਃ ਜਿਸਨੇ ਮੰਗਿਆ ਉਸ ਨੇ ਪਾਇਆ, ਜਿਸ ਨੇ ਢੂੰਡਿਆ ਉਸ ਨੂੰ ਮਿਲਿਆ ਅਤੇ ਜਿਸ ਨੇ ਖੜਕਾਇਆ ਉਸ ਲਈ ਖੋਲਿਆ ਗਿਆ। ਜ਼ਿੱਦੀ ਮੇਜ਼ਬਾਨ ਦੇ ਦ੍ਰਿਸ਼ਟਾਂਤ ਵਿਚ ਇਹ ਸੱਚਿਆਈ ਹੈ ਕਿ ਮੰਗਣ ਵਾਲੇ, ਲੱਭਣ ਵਾਲੇ, ਖੜਕਾਉਣ ਵਾਲੇ ਅਦਾਮੀ ਨੂੰ ਤਿੰਨ ਰੋਟੀਆਂ ਮਿਲੀਆਂ ਜਿਨ੍ਹਾਂ ਦੀ ਉਸ ਨੂੰ ਲੋੜ ਸੀ।

ਕੀ ਇਸ ਦਾ ਮਤਲਬ ਹੈ ਕਿ ਖ਼ੁਦਾ ਆਪਣੇ ਕਿਸੇ ਬੱਚੇ ਵੱਲੋਂ ਕੀਤੀ ਗਈ ਹਰ ਬੇਨਤੀ ਦਾ ਜਵਾਬ ''ਹਾਂ'' ਵਿਚ ਦਿੰਦਾ ਹੈ? ਨਹੀਂ। ਮਸੀਹ ਨੇ ਦੁੱਖਾਂ ਦਾ ''ਕਟੋਰਾ'' ਹਟਾਏ ਜਾਣ ਲਈ ਆਖਿਆ (ਮੱਤੀ 26:39), ਪਰ ਇਹ ਨਹੀਂ ਹਟਿਆ। ਪੌਲੁਸ ਨੇ ਕਸ਼ਟ ਦੇ ਆਪਣੇ ''ਕੰਡੇ'' ਨੂੰ ਕੱਢਣ ਲਈ ਆਖਿਆ (2 ਕੁਰਿੰਥੀਆਂ 12:7, 8), ਪਰ ਉਸ ਨੂੰ ਨਹੀਂ ਕੱਢਿਆ ਗਿਆ। ਬਾਈਬਲ ਦੇ ਸਾਡੇ ਪਾਠ ਦੇ ਭਾਗ (ਲੂਕਾ 11:11–13) ਵਿਚ ਖ਼ੁਦਾ ਦੀ ਤੁਲਨਾ ਦੁਨਿਆਵੀ ਪਿਤਾਵਾਂ ਨਾਲ ਕੀਤੀ ਗਈ ਹੈ। ਸਾਡੇ ਵਿੱਚੋਂ ਜੋ ਪਿਤਾ ਹੈ, ਕੀ ਅਸੀਂ ਆਪਣੇ ਬੱਚਿਆਂ ਦੀਆਂ ਬੇਨਤੀਆਂ ਦੇ ਸਦਾ ''ਹਾਂ'' ਹੀ ਆਖਦੇ ਹਾਂ?[31] ਨਹੀਂ। ਕਈ ਵਾਰ ਸਾਡਾ ਜਵਾਬ ''ਨਾ'' ਹੁੰਦਾ ਹੈ ਅਤੇ ਕਈ ਵਾਰ ਅਸੀਂ ਆਖਦੇ ਹਾਂ ''ਅਜੇ ਰੁਕ ਜਾਓ।''[32] ਅਸੀਂ ਇਹ ਵੀ ਆਖ ਸਕਦੇ ਹਾਂ, ''ਨਹੀਂ, ਪਰ ਸਾਡੇ ਵਿੱਚੋਂ ਵੀ ਚੰਗਾ ਇਹ ਦੂਜਾ ਲੈ ਲਵੇ'' ਪਰ ਜੇ ਅਸੀਂ ਆਪਣੇ ਬੱਚਿਆਂ ਨਾਲ ਪਿਆਰ ਕਰਦੇ ਹਾਂ ਤਾਂ ਅਸੀਂ ਸਦਾ ਉਨ੍ਹਾਂ ਦੀਆਂ ਦੁਆਵਾਂ ਦਾ ਜਵਾਬ ਦਿੰਦੇ ਹਾਂ ਅਤੇ 8 ਤੋਂ 10 ਆਇਤਾਂ ਵਿਚ ਇਹ ਗੱਲ ਸਮਝਾਈ ਗਈ ਹੈ ਕਿ ਜੇ ਅਸੀਂ ਜ਼ਿੱਦ ਨਾਲ ਅਤੇ ਸਬਰ ਨਾਲ ਲੱਗੇ ਰਹੀਏ ਤਾਂ ਖ਼ੁਦਾ ਦੁਆ ਦਾ ਜਵਾਬ *ਦਿੰਦਾ* ਹੈ।

## ਸਕਾਰਾਤਮਕ ਹੋਵੋ (ਲੂਕਾ 11:11-13)

ਦੁਆ ਸਕਾਰਾਤਮਕ ਤੌਰ ਤੇ ਕਰਦੇ ਰਹਿਣ ਦਾ ਸਾਡੇ ਕੋਲ ਹਰ ਕਾਰਣ ਹੈ। ਇਸ ਗੱਲ ਤੇ ਮਸੀਹ ਦੇ ਆਖਰੀ ਸ਼ਬਦਾਂ ਤੇ ਫਿਰ ਜ਼ੋਰ ਦਿੱਤਾ ਗਿਆ ਹੈਃ

> ਪਰ ਤੁਹਾਡੇ ਵਿੱਚੋਂ ਉਹ ਕਿਹੜਾ ਪਿਉ ਹੈ ਕਿ ਜੇ ਉਹ ਦਾ ਪੁੱਤਰ ਮੱਛੀ ਮੰਗੇ ਤਾਂ ਉਹ ਨੂੰ

> ਮੱਛੀ ਦੇ ਥਾਂ ਸੱਪ ਦੇਵੇਗਾ?ਜਾਂ ਜੇ ਆਂਡਾ ਮੰਗੇ ਤਾਂ ਉਹ ਨੂੰ ਬਿੱਛੂ ਦੇਵੇਗਾ? ਸੋ ਜੋ ਤੁਸੀਂ ਬੁਰੇ ਹੋ ਕੇ[33] ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਉਹ ਸੁਰਗੀ ਪਿਤਾ ਕਿੰਨਾ ਵਧੀਕ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਦੇਵੇਗਾ (ਆਇਤਾਂ 11–13)।

*ਦ੍ਰਿਸ਼ ਇਕ।* ਇਕ ਮੁੰਡਾ ਆਪਣੇ ਪਿਤਾ ਦੇ ਕੋਲ ਆਉਂਦਾ ਹੈ ਅਤੇ ਮੱਛੀ ਮੰਗਦਾ ਹੈ। ਇਹ ਇਕ ਛੋਟੀ ਜਿਹੀ, ਅਚਾਰ ਵਾਲੀ ਮੱਛੀ ਹੋਵੇਗੀ, ਜੋ ਉਸ ਇਲਾਕੇ ਵਿਚ ਸੱਪ ਦੇ ਤੌਰ ਤੇ ਦਿੱਤੀ ਜਾਂਦੀ ਸੀ।[34] ''ਚੰਗਾ ਹੈ,'' ਪਿਤਾ ਹੱਸਦੇ ਹੋਏ ਆਖਦਾ ਹੈ। ਬੱਚਾ ਆਪਣਾ ਹੱਥ ਬਾਹਰ ਕੱਢਦਾ ਹੈ ਅਤੇ ਉਸ ਦਾ ਪਿਤਾ ਉਸ ਦੇ ਹੱਥ ਵਿਚ ਇਕ ਰਿੜ੍ਹਦਾ ਹੋਇਆ ਸੱਪ ਰੱਖ ਦਿੰਦਾ ਹੈ! ਤਾਂ ਬਹੁਤ ਹੀ ਡਰਾਉਣਾ ਦ੍ਰਿਸ਼ ਹੋਵੇਗਾ!

*ਦ੍ਰਿਸ਼ ਦੋ।* ਇਕ ਮੁੰਡਾ ਆਪਣੇ ਪਿਤਾ ਕੋਲ ਆਉਂਦਾ ਹੈ ਅਤੇ ਇਕ ਅੰਡਾ ਮੰਗਦਾ ਹੈ। ਇਹ ਯਕੀਨੀ ਤੌਰ ਤੇ ਪੂਰੀ ਤਰ੍ਹਾਂ ਨਾਲ ਭੁੱਖ ਲੱਗਣ ਤੇ ਖਾਣ ਲਈ ਕਾਫ਼ੀ ਹੈ। ''ਮੈਨੂੰ ਤੈਨੂੰ ਅੰਡਾ ਦੇ ਕੇ ਖੁਸ਼ੀ ਹੋਵੇਗੀ,'' ਇਕ ਛੋਟੀ ਟੋਕਰੀ ਕੱਢਦੇ ਹੋਏ ਪਿਤਾ ਆਖਦਾ ਹੈ। ''ਅੱਗੇ ਵੱਧਕੇ ਕੱਢ ਲੈ।'' ਜਦੋਂ ਮੁੰਡਾ ਆਪਣਾ ਹੱਥ ਟੋਕਰੀ ਵਿਚ ਪਾਉਂਦਾ ਹੈ, ਤਾਂ ਕੋਈ ਅੰਡਾ ਨਹੀਂ ਮਿਲਦਾ, ਪਰ ਇਕ ਬਿੱਛੂ ਮਿਲਦਾ ਹੈ, ਜੋ ਕੱਟਣ ਨੂੰ ਤਿਆਰ ਹੈ![35] ਕਿੰਨਾ ਕਾਰਣਾਕ ਹੈ!

ਯਿਸੂ ਨੇ ਆਖਿਆ ਕਿ ਜੋ ਪਿਤਾ ਆਪਣੇ ਬੱਚਿਆਂ ਨਾਲ ਪਿਆਰ ਰੱਖਦੇ ਹਨ, ਉਹ ਉਨ੍ਹਾਂ ਦੇ ਨਾਲ ਅਜਿਹਾ ਮਜ਼ਾਕ ਨਹੀਂ ਕਰਦੇ, ਅਤੇ ਨਾ ਹੀ ਸੁਰਗੀ ਪਿਤਾ ਇਵੇਂ ਕਰਦਾ ਹੈ। ''ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਉਹ ਸੁਰਗੀ ਪਿਤਾ ਕਿੰਨਾ ਵਧੀਕ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਦੇਵੇਗਾ'' (ਆਇਤ 13)। ਇਸ ਤੋਂ ਪਹਿਲਾਂ ਜਦੋਂ ਪ੍ਰਭੂ ਨੇ ਇਵੇਂ ਹੀ ਰੂਪਕ ਦੀ ਵਰਤੋਂ ਕੀਤੀ ਸੀ, ਤਾਂ ਉਸ ਨੇ ਆਖਿਆ ਸੀ, ''ਤਾਂ ਕਿੰਨਾ ਵਧੀਕ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਦੇਵੇਗਾ!'' (ਮੱਤੀ 7:11)। ਜਦੋਂ ਕਈ ਮਹੀਨਿਆਂ ਦੇ ਬਾਅਦ, ਉਸ ਨੇ ਖ਼ੁਦਾ ਦੇ ਸਭ ਤੋਂ ਉੱਤਮ ਤੋਹਫ਼ਿਆਂ ਵਿੱਚੋਂ ਇਕ ਅਰਥ ਪਵਿੱਤਰ ਆਤਮਾ ਦੀ ਗੱਲ ਕੀਤੀ, ਜੋ ਬਾਅਦ ਵਿਚ ਉਨ੍ਹਾਂ ਸਾਰਿਆਂ ਨੂੰ ਮਿਲਣਾ ਸੀ, ਜਿਨ੍ਹਾਂ ਨੇ ਉਸ ਦੇ ਨਾਮ ਵਿਚ ਬਪਤਿਸਮਾ ਲੈਣਾ ਸੀ (ਰਸੂਲਾਂ ਦੇ ਕੰਮ 2:38)। ਲਿਉਨ ਮੌਰਿਸ ਨੇ ਲਿਖਿਆ:

> ਲੂਕਾ ... ਪਵਿੱਤਰ ਆਤਮਾ ਦੇ ਦਾਨ ਨੂੰ ਸਾਡੀ ਸਭ ਤੋਂ ਵੱਡੀ ਭਲਿਆਈ ਦੇ ਤੌਰ ਤੇ ਵੇਖਦੇ ਹਾਂ। ਇਸ ਨੂੰ ''ਅਚਰਜ'' ਦਾਨਾਂ ਦੇ ਅਰਥ ਵਿਚ ਸਮਝਣ ਦਾ ਕੋਈ ਕਾਰਣ ਨਹੀਂ ਹੈ। ਇਹ ਹਵਾਲਾ ਤਾਂ ਆਮ ਮਸੀਹੀ ਜ਼ਿੰਦਗੀ ਵਿਚ ਆਤਮਾ ਦੇ ਕੰਮ ਦਾ ਹੈ, ਜਿਵੇਂ ਕਿ ਰੋਮੀਆਂ 8 ਵਿਚ ਦੱਸਿਆ ਗਿਆ ਹੈ।[36]

ਅਸੀਂ ਪਹਿਲਾਂ ਧਿਆਨ ਦਿੱਤਾ ਸੀ ਕਿ ਜ਼ਰੂਰੀ ਨਹੀਂ ਕਿ ਖ਼ੁਦਾ ਹਰ ਬੇਨਤੀ ਦਾ ਜਵਾਬ ''ਹਾਂ'' ਲਈ ਹੀ ਦੇਵੇ, ਪਰ ਆਪਣੇ ਬੱਚਿਆਂ ਦੀ ਹਰ ਦੁਆ ਦਾ ਜਵਾਬ ਦੇਣਾ ਜ਼ਰੂਰੀ ਹੈ। ਜਦੋਂ ਉਹ ਜਵਾਬ ਦਿੰਦਾ ਹੈ, ਤਾਂ ਸਦਾ ਉਹੀ ਦਿੰਦਾ ਹੈ ''ਜੋ ਚੰਗਾ ਹੈ।'' ਉਸ ਦੀ ਮੁੱਖ ਦਿਲਚਸਪੀ ਇਸ ਗੱਲ ਵਿਚ ਹੈ ਕਿ ਲੰਮੇ ਸਮੇਂ ਤਕ ਸਾਡੇ ਲਈ ਕਿਹੜੀ ਗੱਲ ਭਲੀ ਹੈ। ਹੋ ਸਕਦਾ ਹੈ ਕਿ ਉਸ ਸਮੇਂ ਸਾਨੂੰ ਉਸ ਦਾ ਜਵਾਬ ਠੀਕ ਨਾ *ਲੱਗੇ!* ਪਰ ਅਖ਼ਿਰ ਵਿਚ ਨਿਹਚਾ ਭਰਿਆ ਹੋ ਸਕਦਾ ਹੈ ਕਿ ''ਜਿਹੜੇ ਖ਼ੁਦਾ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਉਨ੍ਹਾਂ ਦੀ ਭਲਾ ਕਰਦੀਆਂ ਹਨ ਭਾਵ ਉਨ੍ਹਾਂ ਦਾ ਜਿਹੜੇ ਖ਼ੁਦਾ ਦੀ ਮੰਸ਼ਾ ਦੇ ਮੁਤਾਬਿਕ ਸੱਦੇ ਹੋਏ ਹਨ''(ਰੋਮੀਆਂ 8:28)। ਦੁਆ ਵਿਚ ਸਾਡੇ ਸਕਾਰਾਤਮਕ ਰਹਿਣ ਦਾ ਹਰ ਕਾਰਣ ਹੈ!

## ਸਾਰ

ਚੇਲਿਆਂ ਲਈ ਇਹ ਸਿੱਖਣਾ ਜ਼ਰੂਰੀ ਸੀ ਕਿ ਦੁਆ ਕਿਵੇਂ ਕਰਨੀ ਚਾਹੀਦੀ ਹੈ। ਉਨ੍ਹਾਂ ਦੇ ਸਾਹਮਣੇ ਗਤਸਮਨੀ ਵਿਚ, ਉਨ੍ਹਾਂ ਦੇ ਪ੍ਰਭੂ ਦੀਆਂ ਅਜ਼ਮਾਇਸ਼ਾਂ, ਉਸ ਨੂੰ ਕੋੜਿਆਂ ਨਾਲ ਮਾਰਿਆ ਜਾਣਾ, ਖੂਨ ਦੀ ਪਿਆਸੀ ਭੀੜ ਦੇ ਤਾਨ, ਸਲੀਬ ਦਾ ਭੈਅ ਅਤੇ ਕਬਰ ਦੀ ਹਨੇਰੀ ਖਾਮੋਸ਼ੀ ਸੀ।[37] ਸਾਡੇ ਲਈ ਵੀ ਦੁਆ ਕਰਨਾ ਸਿੱਖਣਾ ਉਨਾਂ ਹੀ ਜ਼ਰੂਰੀ ਹੈ। ਦੁਆ ਤੇ ਹੋਰ ਬਹੁਤ ਕੁਝ ਆਖਿਆ ਜਾ ਸਕਦਾ ਹੈ, ਪਰ ਸ਼ੁਰੂ ਕਰਨ ਲਈ ਸਾਡੇ ਲਈ ਲੂਕਾ 11:1–13 ਦੀ ਸਚਿਆਈਆਂ ਹੀ ਕਾਫ਼ੀ ਹੋਣੀਆਂ ਚਾਹੀਦੀਆਂ ਹਨ:

- ਦੁਆ ਵਿਚ ਲੱਗੇ ਰਹੋ: ਕਰਨ ਨਾਲ ਤੁਸੀਂ ਸਿੱਖਦੇ ਹੋ।
- ਲੱਗੇ ਰਹੋ: ਮਜ਼ਬੂਤ ਰਹਿਣ ਨਾਲ ਤੁਸੀਂ ਕਾਮਯਾਬ ਹੁੰਦੇ ਹੋ।
- ਹੌਂਸਲਾ ਰੱਖੋ: ਮੰਨਣ ਨਾਲ ਤੁਹਾਨੂੰ ਮਿਲਦਾ ਹੈ।
- ਸਕਾਰਾਤਮਕ ਹੋਵੋ: ਦੁਆ ਕਰਨ ਨਾਲ ਤੁਸੀਂ ਬਰਕਤ ਪਾਓਗੇ।

ਪਰ ਇਸ ਗੱਲ ਨੂੰ ਸਮਝੋ ਕਿ ਦੁਆ ਦੀ ਜ਼ਿੰਦਗੀ ਤਦ ਤਕ ਸ਼ੁਰੂ ਨਹੀਂ ਕੀਤੀ ਜੀ ਸਕਦੀ, ਜਦੋਂ ਤਕ ਤੁਸੀਂ ਖ਼ੁਦਾ ਨੂੰ ਸਚਮੁਚ ਵਿਚ ''ਪਿਤਾ'' ਨਹੀਂ ਆਖ ਸਕਦੇ (ਲੂਕਾ 11:2)। ਕੀ ਤੁਸੀਂ ਖ਼ੁਦਾ ਦੀ ਵੰਸ਼ ਹੋ (ਗਲਾਤੀਆਂ 3:26, 27)? ਕੀ ਤੁਸੀਂ ''ਜਲ ਅਤੇ ਆਤਮਾ ਤੋਂ ਜਨਮ'' ਲੈ ਲਿਆ ਹੈ (ਯੂਹੰਨਾ 3:5; ਵੇਖੋ 1 ਪਤਰਸ 1:23; ਰਸੂਲਾਂ ਦੇ ਕੰਮ 2:38)? ਜੇ ਤੁਸੀਂ ਪਹਿਲਾਂ ਹੀ ਖ਼ੁਦਾ ਦੀ ਔਲਾਦ ਹੋ, ਤਾਂ ਕੀ ਤੁਸੀਂ ਆਪਣੇ ਪਿਤਾ ਦੇ ਨੇੜੇ ਰਹੇ ਹੋ? ਤੁਹਾਡੇ ਅਤੇ ਖ਼ੁਦਾ ਦੇ ਵਿਚ ਸਿਰਫ਼ ਇਕ ਹੀ ਗੱਲ ਰੁਕਾਵਟ ਬਣ ਸਕਦੀ ਹੈ ਅਤੇ ਉਹ ਹੈ ਪਾਪ (ਯਸਾਯਾਹ 59:1, 2)। ਜੇ ਤੁਹਾਨੂੰ ਆਪਣੇ ਪਾਪ ਧੋਣ ਲਈ ਬਪਤਿਸਮਾ ਲੈਣ ਦੀ ਜ਼ਰੂਰਤ ਹੈ (ਰਸੂਲਾਂ ਦੇ ਕੰਮ 22:16), ਅਤੇ ਜੇ ਤੁਸੀਂ ਭਟਕੇ ਹੋਏ ਮਸੀਹੀ ਹੋ, ਜਿਸਨੂੰ ਪ੍ਰਭੂ ਦੇ ਕੋਲ ਵਾਪਸ ਆਉਣ ਦੀ ਲੋੜ ਹੈ (ਗਲਾਤੀਆਂ 6:1; ਰਸੂਲਾਂ ਦੇ ਕੰਮ 8:22; ਯਾਕੂਬ 5:16), ਤਾਂ ਟਾਲਮਟੋਲ ਨਾ ਕਰੋ। ਹੁਣੇ ਹੀ ਉਸ ਦੀ ਗੱਲ ਮੰਨੋ!

## ਨੋਟਸ

ਐੱਫ਼. ਵੀ. ਮੈਕਫੇਰਜ ਨੇ ਲੂਕਾ 11:1–13 ਨੂੰ ''ਦੁਆ ਦੀ ਸ਼ੁਰੂਆਤ'' ਆਖਿਆ ਹੈ।[38] ਇਕ ਹੋਰ ਸੰਭਵ ਸਿਰਲੇਖ ''ਦੁਆ ਦੀ ਆਪਣੀ ਜ਼ਿੰਦਗੀ ਵਿਚ ਚੰਗੀ ਸ਼ੁਰੂਆਤ ਕਿਵੇਂ ਕਰਨੀ'' ਹੋਵੇਗੀ। ਜੇ ਤੁਹਾਡੇ ਸੁਣਨ ਵਾਲੇ ਇਸ ਸ਼ਬਦ ਦਾ ਮਤਲਬ ਸਮਝਦੇ ਹਨ, ਤਾਂ ਹੁਣ ''ਦੁਆ ਭਰੀ ਜ਼ਿੰਦਗੀ ਵਿਚ ਉੱਛਲਦੀ ਸ਼ੁਰੂਆਤ ਕਿਵੇਂ ਕਰੀਏ'' ਬੋਲ ਸਕਦੇ ਹੋ। ਇਕ ਹੋਰ ਤਰੀਕਾ ''ਸਮਰੱਥ ਭਰਿਆ ਦੁਆ ਦਾ 'ਭੇਤ' '' ਹੋ ਸਕਦਾ ਹੈ। ਜੇ ਚੇਲੇ ਇਹ ਸੋਚ ਲੈਂਦੇ ਕਿ ਯਿਸੂ ਆਪਣੀ ਦੁਆ ਨਾਲ ਭਰੀ ਜ਼ਿੰਦਗੀ ਦਾ ਕੋਈ ਪੁਰਾਣਾ ''ਭੇਤ'' ਦੱਸਣ ਜਾ ਰਿਹਾ ਹੈ, ਤਾਂ ਉਨ੍ਹਾਂ ਨੂੰ ਨਿਰਾਸ਼ਾ ਹੀ ਮਿਲਣੀ ਸੀ, ਕਿਉਂਕਿ ਮੂਲ ਤੌਰ ਤੇ ਉਸਨੇ ਉਹੀ ਗੱਲ ਦੁਹਰਾਈ ਸੀ, ਜੋ ਪਹਿਲਾਂ ਆਖੀ ਸੀ। ਦੁਆ ਬਾਰੇ ਸਾਨੂੰ ਭੇਤਾਂ ਵਾਲੇ ''ਭੇਤਾਂ'' ਨੂੰ ਜਾਣਨ ਦੀ ਲੋੜ ਹੈ; ਸਾਡੇ ਲਈ ਸਿਰਫ਼ ਉਸ ਬਾਰੇ ਜੋ ਅਸੀਂ ਜਾਣਦੇ ਹਾਂ ਕਿ ਸਾਨੂੰ ਕਰਨਾ *ਚਾਹੀਦਾ* ਗੰਭੀਰ ਹੋਣਾ ਜ਼ਰੂਰੀ ਹੈ।

---

ਟਿੱਪਣੀਆਂ

[1]ਬੇਨਤੀ ਇਕ ਹੀ ਚੇਲੇ ਨੇ ਕੀਤੀ ਸੀ; ਪਰ ਉਸਨੇ ਆਖਿਆ ''*ਸਾਨੂੰ ਸਿਖਾ,*'' ਇਹਦਾ ਮਤਲਬ ਹੈ

ਕਿ ਉਹ ਸਭ ਚੇਲਿਆਂ ਵੱਲੋਂ ਆਖ ਰਿਹਾ ਹੋਵੇਗਾ। [2]ਜੌਨ ਟੀ. ਕੈਰਲ ਐਂਡ ਜੇਮਸ ਆਰ. ਕੈਰਲ, *ਪ੍ਰੀਚਿੰਗ ਦ ਹਾਰਡ ਸੇਇੰਗਜ਼ ਆਫ਼ ਜੀਜ਼ਸ* (ਪੀਬੌਡੀ, ਮੈਸਾਚੁਏਟਸਃ ਹੈਂਡਰਿਕਸਨ ਪਬਲਿਸ਼ਰਜ਼, 1996), 120. [3]ਐਫ਼. ਵੀ. ਮੈਫੇਟਰਿਜ, *ਲੌਰਡ ਟੀਚ ਅਸ ਟੁ ਪ੍ਰੇ* (ਨੈਸ਼ਵਿੱਲੇਃ ਬ੍ਰਾਡਮੈਨ ਪ੍ਰੈਸ, 1956), 1. [4]ਚੇਲਿਆਂ ਵੱਲੋਂ ਯਿਸੂ ਨੂੰ ਦੁਆ ਕਰਨਾ ਸਿਖਾਉਣ ਲਈ ਆਖਣ ਤੇ, ਉਸਨੇ ਮੁੱਖ ਤੌਰ ਤੇ ਉਹੀ ਸੱਚਿਆਈਆਂ ਦੁਹਰਾਈਆਂ, ਜੋ ਉਸਨੇ ਪਹਿਲਾਂ ਆਖੀਆਂ ਸਨ। ਉਨ੍ਹਾਂ ਨੂੰ ਉਸ ਦੀਆਂ ਗੱਲਾਂ ਭੁੱਲ ਗਈਆਂ ਹੋਣਗੀਆਂ। ਯਿਸੂ ਦੀਆਂ ਦੁਆਵਾਂ ਦੀ ਸ਼ਕਤੀ ਵੇਖ ਕੇ ਉਨ੍ਹਾਂ ਨੇ ਸੋਚਿਆ ਹੋਵੇਗਾ ਕਿ ਉਸ ਦੁਆ ਵਿਚ ਕੁਝ ''ਭੇਤ'' ਹੈ, ਜੋ ਉਸ ਨੇ ਉਨ੍ਹਾਂ ਨੂੰ ਨਹੀਂ ਦੱਸਿਆ। ਜੋ ਵੀ ਹੋਵੇ, ਉਨ੍ਹਾਂ ਨੂੰ ਪਹਿਲਾ ਸੁਣਾਈਆਂ ਗਈਆਂ ਸੱਚਿਆਈਆਂ ਨੂੰ ਯਾਦ ਕਰਵਾਉਣਾ ਜ਼ਰੂਰੀ ਸੀ, ਜਿਵੇਂ ਸਾਨੂੰ ਵੀ ਹੁੰਦਾ ਹੈ। [5]ਕਿਤਾਬ ਵਿਚ ਅੱਗੇ ''ਨਮੂਨੇ ਦੀ ਦੁਆ'' ਪਾਠ ਵੇਖੋ। [6]ਵੇਖੋ ਰੋਮੀਆਂ 8:15; ਗਲਾਤੀਆਂ 4:6; 1 ਪਤਰਸ 1:17. [7]ਉਸ ਸਮੇਂ ਦੀ ਮੁੱਖ ਦਿਲਚਸਪੀ ਮਸੀਹ ਦੇ ਰਾਜ ਦੀ ਸਥਾਪਨਾ ਸੀ। ਜੋ ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਬਾਅਦ ਦੇ ਪਹਿਲੇ ਪੈਂਟੀਕਾਸਟ ਦੇ ਦਿਨ ਹੋਈ (ਮਰਕੁਸ 9:1; ਰਸੂਲਾਂ ਦੇ ਕੰਮ 1:8; ਰਸੂਲਾਂ ਦੇ ਕੰਮ 2:1–4)। [8]ਸੰਭਾਵਨਾ ਤੋਂ ਪਤਾ ਚੱਲ ਸਕਦਾ ਹੈ ਕਿ ''ਕਰਜ਼ਦਾਰ'' ਰੁਪਈਆਂ ਦਾ ਨਹੀਂ ਸਗੋਂ ਪਾਪ ਦਾ ਹੈ। ਇਹ ਗੱਲ ਉਸ ਲਈ ਵੀ ਲਾਗੂ ਹੁੰਦੀ ਹੈ, ਜਿਸ ਨੇ ਸਾਡੇ ਵਿਰੁੱਧ ਪਾਪ ਕੀਤਾ ਹੈ। [9]ਮੈਕਫੇਟਰਿਜ, 40. [10]ਉਹੀ, 47.

[11]ਇਹ *ਦ ਗੌਸਪਲ ਆਫ਼ ਲੂਕ,* ਸੋਧਿਆ ਅੰਕ, ਦ ਡੇਅਲੀ ਸਟੱਡੀ ਬਾਈਬਲ ਸੀਰੀਜ਼ (ਫ਼ਿਲਾਡੈਲਫ਼ੀਆਃ ਵੈਸਟਮਿੰਸਟਰ ਪ੍ਰੈਸ, 1975), 144. ਵਿਚ ਵਿਲੀਅਮ ਬਾਰਕਲੇ ਦੇ ਸ਼ਬਦਾਂ ਦਾ ਸਾਰ ਹੈ। [12]ਐਲਫ਼ਰਡ, ਲੌਰਡ ਟੈਨੀਸਨ, ''ਮੋਰਟ ਡੀ'ਆਰਥਰ,'' *ਗ੍ਰੇਟ ਪੋਇਮਜ਼ ਆਫ਼ ਦ ਇੰਗਲਿਸ਼ ਲੈਂਗੁਏਜ,* ਸੰਕ. ਵਾਲੇਸ ਐਲਵਿਨ ਬ੍ਰਿਗਸ (ਨਿਊ ਯਾਰਕਃ ਟੁਡੋਰ, 1933), 795. [13]ਕੈਰਲ ਐਂਡ ਕੈਰਲ 122, 127 ਵਿਚ ਦੁਹਰਾਇਆ ਗਿਆ ਰਿਚਰਡ ਫ਼ੋਸਟਰ, *ਪ੍ਰੇਅਰਃ ਫ਼ਾਇੰਡਿੰਗ ਦੀ ਹਰਟਜ਼ ਟਰੂ ਹੋਮ* (ਸੈਨ ਫ਼੍ਰਾਂਸਿਸਕੋਃ ਹਾਰਪਰ, 1992), [14]ਅਮਰੀਕਾ ਵਿਚ ਤੁਸੀਂ ਐਥਲੈਟਿਕ ਬੂਟਾਂ ਦੇ ਕਿਸੇ ਬ੍ਰਾਂਡ ਦੀ ਮਸ਼ਹੂਰੀ ਦਾ ਨਾਰਾ ਜਿਵੇਂ ''ਜਸਟ ਡੂ ਇਟ!'' ਲੈ ਸਕਦੇ ਹੋ। [15]ਜੋਜ਼ਫ਼ ਐੱਸ. ਸਕ੍ਰਿਵਨ, ''ਵ੍ਹਟ ਏ ਫ੍ਰੈਂਡ ਵੀ ਹੈਵ ਇਨ ਜੀਜ਼ਸ,'' ਦੇ (ਹਿੰਦੀ ਅਨੁਵਾਦ) ਤੋਂ, ਸੰਕ. ਅਤੇ ਸੰਪਾ. ਆਲਟਨ ਐੱਚ. ਹਾਵਰਡ (ਵੈਸਟ ਮੋਨਰੋ, ਲੁਇਸਿਆਨਾਃ ਹਾਵਰਡ ਪਬਲਿਸ਼ਿੰਗ ਕੰ., 1994)। [16]ਨਾਲੇ, ਬਹੁਤ ਸਾਰੀਆਂ ਸਰਾਵਾਂ ਐਨੀਆਂ ਬਦਨਾਮ ਹੁੰਦੀਆਂ ਸਨ ਕਿ ਕੋਈ ਉਨ੍ਹਾਂ ਵਿਚ ਆਪਣੇ ਦੋਸਤਾਂ ਨੂੰ ਭੇਜਣਾ ਪਸੰਦ ਨਹੀਂ ਕਰਦਾ ਸੀ। [17]ਜਿੱਥੇ ਮੈਂ ਰਹਿੰਦਾ ਹਾਂ ਉੱਥੇ ਅਸੀਂ ਹਸਾਉਣ ਵਾਲੀ ਗੱਲ ਜੋੜ ਸਕਦੇ ਹਾਂਃ ''ਟ੍ਰੈਫ਼ਿਕ ਦਾ ਹਾਲ ਬੜਾ ਮਾੜਾ ਹੋਵੇਗਾ। ਉਸਦਾ ਟਾਇਰ ਫੁੱਲ ਗਿਆ ਹੋਵੇਗਾ।'' [18]ਜੇ ਤੁਹਾਡੇ ਸੁਣਨ ਵਾਲੇ ਨਰਸਰੀ ਦੀ ਕਵਿਤਾ ਤੋਂ ਜਾਣੂ ਹੋਣ ਤਾਂ ਤੁਸੀਂ ਕਹਿ ਸਕਦੇ ਹੋ, ''ਲਾਈਕ ਮਦਰ ਹਬੱਰਡ'ਜ਼ ਕਬਰਡ, ਹਿਜ਼ ਵਾਜ਼ ਬੇਅਰ।'' [19]ਜਿੱਥੇ ਮੈਂ ਰਹਿੰਦਾ ਹਾਂ, ਉੱਥੇ ਆਪਣੇ ਇਲਾਕੇ ਦੀ ਪੂਰੀ ਰਾਤ ਖੁੱਲ੍ਹਣ ਵਾਲੀਆਂ ਦੁਕਾਨਾਂ ਦਾ ਨਾਮ ਜੋੜਿਆ ਜਾ ਸਕਦਾ ਹੈ। [20]ਦਿਨ ਵੇਲੇ ਦਰਵਾਜ਼ੇ ਅਤੇ ਖਿੜਕੀਆਂ ਖੁੱਲ੍ਹੀਆਂ ਰਹਿੰਦੀਆਂ ਸਨ ਅਤੇ ਰਾਤ ਨੂੰ ਬੰਦ ਹੋ ਜਾਂਦੀਆਂ ਸਨ। ਬੰਦ ਦਰਵਾਜ਼ੇ ਅਤੇ ਖਿੜਕੀਆਂ ਦਾ ਮਤਲਬ ਹੁੰਦਾ ਸੀ ਕਿ ''ਸਾਨੂੰ *ਇਕੱਲਿਆਂ* ਛੱਡ ਦਿਓ।''

[21]ਇਕ ਨਾਟਕੀ ਛੋਹ ਦੇਣ ਲਈ ਇੱਥੇ ਹੋਰ ਕਹਾਣੀ ਵਿਚ ਜਿੱਥੇ ਵੀ ਖੜਕਾਉਣ ਦੀ ਗੱਲ ਆਉਂਦੀ ਹੈ, ਤੁਸੀਂ ਬੁਲਾਰੇ ਦੇ ਸਟੈਂਡ ਤੇ ਖੜਕਾਉਣ ਦੀ ਗੱਲ ਕਰ ਸਕਦੇ ਹੋ। ਦ੍ਰਿਸ਼ਟਾਂਤ ਵਿਚ ਖੜਕਾਉਣ ਦਾ ਜ਼ਿਕਰ ਨਹੀਂ ਹੈ, ਪਰ ਇਸ ਦੀ ਪ੍ਰਾਸੰਗਿਕਤਾ ਹੈ (ਲੂਕਾ 11:9, 10)। ਸੌਂ ਰਹੇ ਬੰਦੇ ਦਾ ਧਿਆਨ ਖਿੱਚਣ ਲਈ ਖੜਕਾਉਣਾ ਸੁਭਾਵਿਕ ਹੀ ਹੋਵੇਗਾ। ਜੇ ਤੁਸੀਂ ਕਿਸੇ ਦੇ ਘਰ ਵਿੱਚੋਂ ਬਾਹਰ ਦਰਵਾਜ਼ੇ ਤੋਂ ਉਸ ਦਾ ਧਿਆਨ ਖਿੱਚਣ ਲਈ ਕੋਈ ਹੋਰ ਤਰੀਕਾ ਅਪਣਾਉਂਦੇ ਹੋ ਤਾਂ ਆਪਣੇ ਇਲਾਕੇ ਮੁਤਾਬਿਕ ਉਸ ਦੀ ਵਰਤੋਂ ਕਰ ਸਕਦੇ ਹੋ। [22]ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿੱਪ ਵਾਈ. ਪੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦੀ ਫੋਰ ਗੌਸਪਲ* (ਸਿਨਸਿਨਾਟੀਃ ਸਟੈਂਡਰਡ ਪਬਲਿਸ਼ਿੰਗ ਕੰ., 1914), 480. [23]ਅਮਰੀਕਾ ਵਿਚ, ਅਸੀਂ ਆਖ ਸਕਦੇ ਹਾਂ, ''ਫ਼ਰਸ਼ ਤੇ ਇਕ ਤੋਂ ਨੁੱਕਰ ਤਕ ਲੋਕ ਸਨ।'' ਵਧੇਰੇ ਟੀਕਾਕਾਰ ਉਨ੍ਹਾਂ ਘਰਾਂ ਦੇ ਹੋਰ ਵੇਰਵੇ ਵੀ

ਜੋੜਦੇ ਹਨ, ਜਿਵੇ ਕਿ ਪਰਿਵਾਰ ਦੇ ਸੌਣ ਲਈ ਬਣਿਆ ਥੜ੍ਹਾ, ਪਰ ਇਨ੍ਹਾਂ ਵੇਰਵਿਆਂ ਤੋਂ ਕਹਾਣੀ ਵਧਣ ਨਹੀਂ ਲੱਗੀ। ਕੁਝ ਲੇਖਕ ਇਹ ਜੋੜਦੇ ਹਨ ਕਿ ਠੰਡ ਦੇ ਮੌਸਮ ਵਿਚ, ਰਾਤ ਨੂੰ ਪਸ਼ੂ ਅੰਦਰ ਰੱਖੇ ਜਾਂਦੇ ਸਨ। ਹੁਣ ਜੇ ਕਿਸੇ ਨੂੰ ਰਾਤ ਦੇ ਹਨ੍ਹੇਰੇ ਵਿਚ ਉੱਠਣਾ ਹੋਵੇ ਤਾਂ ਗੜਬੜ ਹੋਣੀ ਅਸਾਨ ਸੀ। [24]ਜਿੱਥੇ ਮੈਂ ਰਹਿੰਦਾ ਹਾਂ, ਉੱਥੇ ਅਸੀਂ ਜੋੜ ਸਕਦੇ ਹਾਂ (ਹਾਸੇ ਨਾਲ) ਤਾੜੀ ਮਾਰ ਕੇ ਬੱਤੀ ਜਗਾਉਣਾ ਬੁਝਾਉਣਾ। [25]ਇਹ ਵਾਕ ਮੇਰੇ ਦੋਸਤ; ਬੌਬ ਲਿਓਂਜ਼ ਤੋਂ ਲਿਆ ਗਿਆ ਹੈ, ਜੋ ਆਖਦਾ ਹੈ, ''ਜੇ ਮੰਮੀ ਖੁਸ਼ ਨਹੀਂ ਹੈ, ਤਾਂ ਕੋਈ ਵੀ ਖੁਸ਼ ਨਹੀਂ ਹੈ।'' [26]ਕ੍ਰਿਸ ਬੁਲਰਡ, ''ਹਾਓ ਟੂ ਐਨ ਇੰਟਰਸੈਸਰ,'' ਓਵਰਲੈਂਡ ਪਾਰਕ ਚਰਚ ਆਫ਼ ਕ੍ਰਾਈਸਟ, ਓਵਰਲੈਂਡ ਪਾਰਕ, ਕੈਂਸਸ, 13 ਮਈ 1985 ਨੂੰ ਦਿੱਤਾ ਗਿਆ ਸੰਦੇਸ਼। [27]ਜਿੱਥੇ ਮੈਂ ਰਹਿੰਦਾ ਹਾਂ ਉੱਥੇ ਬੱਚਿਆਂ ਵੱਲੋਂ ਯਾਦ ਕੀਤੀ ਜਾਣ ਵਾਲੀ ਇਕ ਅਸਾਨ ਦੁਆ ਦੇ ਸਬੰਧ ਵਿਚ ''ਬਹੁਤ ਸਾਰੀਆਂ 'ਹੁਣ ਮੈਂ ਸੌਣ ਲਈ ਲੇਟਦਾ ਹਾਂ' ਵਾਲੀਆਂ ਦੁਆਵਾਂ ਹਨ'' ਕਿਹਾ ਜਾ ਸਕਦਾ ਹੈ। [28]*ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਦੋ ਰਾਹ'' ਪਾਠ ਵੇਖੋ। [29]ਜੇ ਤੁਸੀਂ ਉੱਥੇ ਰਹਿੰਦੇ ਹੋ ਜਿੱਥੇ ਤੁਹਾਡੇ ਸੁਣਨ ਵਾਲੇ ਵਿੰਸਟਨ ਚਰਚਿਲ ਬਾਰੇ ਜਾਣਦੇ ਹੋਣ, ਤਾਂ ਤੁਸੀਂ ਆਖ ਸਕਦੇ ਹੋ, ''ਵਿੰਸਟਨ ਚਰਚਿਲ ਦੇ ਸ਼ਬਦਾਂ ਵਿਚ ਆਖੀਏ ਤਾਂ ਦੁਆ ਕਰਨਾ ਕਦੇ ਨਾ ਛੱਡੋ, ਕਦੇ ਨਹੀਂ, ਕਦੇ ਨਹੀਂ, *ਕਦੇ ਵੀ ਨਹੀਂ*।'' [30]''ਲਗਾਤਾਰ'' ਸ਼ਬਦ ਵਧੇਰੇ ਅਨੁਵਾਦਕਾਂ ਵਿਚ ਨਹੀਂ ਮਿਲਦਾ, ਪਰ ਪ੍ਰਯਤ ਕਿਰਿਆ ਵਿਚ ਇਸ ਦਾ ਸੰਕੇਤ ਮਿਲਦਾ ਹੈ।

[31]ਤੁਸੀਂ ਆਪਣੇ ਸੁਣਨ ਵਾਲਿਆਂ ਲਈ ਮੇਲ ਖਾਂਦੀਆਂ ਉਦਾਹਰਣਾਂ ਦੀ ਵਰਤੋਂ ਕਰ ਸਕਦੇ ਹੋ। ਮੈਂ ਆਖ ਸਕਦਾ ਹਾਂ, ''ਮਸਰੂਫ਼ ਸ਼ਾਹ ਰਾਹ ਤੇ ਖੇਡਣ ਲਈ ਆਖੇ ਜਾਣ ਤੇ ਕੀ ਕੀਤਾ ਜਾਵੇ? ਜੇ ਉਹ ਇਕ ਹੋਰ ਆਈਸਕ੍ਰੀਮ ਖਾਣ ਨੂੰ ਆਖੇ।'' ਤੁਸੀਂ ਆਪਣੇ ਕਿਸੇ ਬੱਚੇ ਦੀ ਬੇਨਤੀ ਦੀ ਉਦਾਹਰਣ ਵੀ ਦੇ ਸਕਦੇ ਹੋ, ਜਿਸ ਨੂੰ ਤੁਸੀਂ ਨਾ ਮੰਨਿਆ ਹੋਵੇ। [32]ਦੁਆ ਦੇ ਖੁਦਾ ਦੇ ਕਈ ਤਰੀਕਿਆਂ ਤੋਂ ਜਵਾਬ ਤੇ ਚਰਚਾ ਸੰਖੇਪ ਨਾਲ ਕਰਨ ਲਈ ਥਾਂ ਆਗਿਆ ਨਹੀਂ ਦਿੰਦਾ, ਪਰ ਤੁਸੀਂ ਸੰਖੇਪ ਨਾਲ ਦੱਸ ਸਕਦੇ ਹੋ। ''ਥੋੜ੍ਹੀ ਦੇਰ ਰੁਕ ਜਾ'' ਵਾਲੇ ਜਵਾਬ ਦੇ ਸਬੰਧ ਵਿਚ ਕਿਸੇ ਨੇ ਆਖਿਆ, ''ਖ਼ੁਦਾ ਦੇ ਘਰ ਦੇਰ ਹੈ ਹਨ੍ਹੇਰ ਨਹੀਂ।'' [33]ਹਰ ਮਨੁੱਖੀ ਜੀਵ (ਜ਼ਿੰਮੇਵਾਰੀ ਦੀ ਉਮਰ ਵਾਲਾ) ਪਾਪ ਤੋਂ ਆਪਣੇ ਹੀ ਪਾਪ ਤੋਂ ਦਾਗੀ ਹਨ (ਰੋਮੀਆਂ 3:23; 6:23। [34]ਇਹ ਉਸੇ ਤਰ੍ਹਾਂ ਦੀ ਮੱਛੀ ਸੀ ਜੋ ਯਿਸੂ ਨੇ ਪੰਜ ਹਜ਼ਾਰ ਨੂੰ ਖਵਾਉਣ ਲਈ ਵਰਤੀ ਗਈ ਸੀ। [35]ਸੁਝਾਅ ਦਿੱਤਾ ਗਿਆ ਹੇ ਕਿ ਇਸ ਉਦਾਹਰਣ ਵਿਚ ਆਪਣੇ ਬੱਚਿਆਂ ਨੂੰ *ਦਾਓ ਪੇਚ* ਸਿਖਾਉਣ ਦੀ ਕੋਸ਼ਿਸ਼ ਕਰਦੇ ਪਿਤਾਵਾਂ ਨੂੰ ਵਿਖਾਇਆ ਗਿਆ ਹੈ, ਕਿਉਂਕਿ ਛੋਟਾ ਸੱਪ ਇਕ ਪਤਲੀ ਮੱਛੀ ਵਾਂਗੂ ਲੱਗ ਸਕਦਾ ਹੈ ਅਤੇ ਇਕੱਠਾ ਹੋਇਆ ਬਿੱਛੂ ਇਕ ਅੰਡੇ ਵਾਂਗ ਲੱਗ ਸਕਦਾ ਹੈ। ਜਦੋਂ ਯਿਸੂ ਨੇ ਪਹਿਲਾ ਇਸ ਉਦਾਹਰਣ ਦੀ ਵਰਤੋਂ ਕੀਤੀ ਸੀ, ਤਾਂ ਉਸ ਨੇ ਰੋਟੀ ਅਤੇ ਪੱਥਰ ਦੀ ਗੱਲ ਜੋੜੀ ਸੀ (ਮੱਤੀ 7:9) ਉਸ ਸਮੇਂ ਇਕ ਗੋਲ, ਭੂਰੇ ਰੰਗ ਦਾ ਪੱਥਰ ਛੋਟੀ ਰੋਟੀ ਵਾਂਗੂ ਹੀ ਵਿਖਾਈ ਦੇ ਸਕਦਾ ਸੀ। [36]ਲਿਓਨ ਮੌਰਿਸ, *ਲੂਕ,* ਸੋਧਿਆ ਅੰਕ, ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਜ਼, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲਿਸ਼ਿੰਗ ਕੰ., 1995), 214–15. ਇਕ ਸੁਆਲ ਪੈਦਾ ਹੋ ਸਕਦਾ ਹੈ ਕਿ ''ਖ਼ੁਦਾ ਤੋਂ ਉਹ ਦਾਨ ਕਿਉਂ ਮੰਗਿਆ ਜਾਵੇ ਜਿਸ ਨੂੰ ਦੇਣ ਦਾ ਵਾਅਦਾ ਉਸ ਨੇ ਬਪਤਿਸਮਾ ਲੈਣ ਵਾਲੇ ਸਭ ਲੋਕਾਂ ਨਾਲ ਕੀਤਾ ਹੈ?'' ਖ਼ੁਦਾ ਤੋਂ ਉਹੀ ਮੰਗਣਾ ਜਿਸ ਦਾ ਉਸ ਨੇ ਵਾਅਦਾ ਕੀਤਾ ਹੈ, ਸਹੀ ਹੋਵੇਗਾ। ਉਦਾਹਰਣ ਲਈ, ਬੇਸ਼ੱਕ ਖ਼ੁਦਾ ਨੇ ਵਫ਼ਾਦਾਰਾਂ ਨੂੰ ਜ਼ਿੰਦਗੀ ਦੀਆਂ ਲੋੜਾਂ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਹੈ (ਮੱਤੀ 6:33), ਤਾਂ ਵੀਂ ਰੋਜ਼ ਦੀ ਰੋਟੀ ਮੰਗਣਾ ਸਹੀ ਹੈ (ਮੱਤੀ 6:11)। ਮੰਗਣ ਨਾਲ ਸਾਡੇ ਮਨਾਂ ਤੇ ਇਹ ਪ੍ਰਭਾਵ ਪੈਂਦਾ ਹੈ ਕਿ ਸਭ ਚੰਗੀਆਂ ਦਾਤਾਂ ਉਸੇ ਤੋਂ ਮਿਲਦੀਆਂ ਹਨ। [37]ਇਹ ਵਾਕ ਮੈਕਫੇਰਿਜ, 3 ਤੋਂ ਲਿਆ ਗਿਆ ਹੈ। [38]ਮੈਕਫੇਰਿਜ, 5.